# ਅੰਮ੍ਰਿਤ ਕੀਰਤਨ

ਜੁਲਾਈ 2002

# *Amrit Kirtan*




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 7 ♦ ਸਾਲ ਚੌਦਵਾਂ ♦ ਜੁਲਾਈ 2002

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ

| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਕਰਉ ਬੇਨੰਤੀਆ | 6 | *ਸੰਪਾਦਕੀ* |
| ਗੁਰਸਿਖੀ ਦੀ ਇਹ ਨਿਸ਼ਾਨੀ | 8 | ਭਗਵੰਤ ਸਿੰਘ ਦਲਾਵਰੀ |
| ਕੀਰਤਨੁ ਨਿਰਮੋਲਕ ਹੀਰਾ | 12 | ਸੁਰਜੀਤ ਕੌਰ ਬਿੰਦਰਾ |
| ਸਾਡਾ ਵਿਰਸਾ | 14 | ਪ੍ਰੋ. ਨਰਿੰਦਰ ਸਿੰਘ |
| ਸ੍ਰੀ ਗੁਰੂ ਗ੍ਰੰਥ ਸਾਹਿਬ | 17 | ਰਾਜਿੰਦਰ ਸਿੰਘ ਵਿਦਿਆਰਥੀ |
| S. Bhagwant Singh Dalawari | 19 | Yadhunath Thatte |
| Notes From a Faintly Musical Diary | 22 | Reproduced From 'Mirror' |
| ਕੀਰਤਨ ਸਿਖਲਾਈ | 25 | ਉੱਤਮ ਸਿੰਘ |
| ਇੱਕਤਾਲ | 27 | ਕ੍ਰਿਪਾਲ ਸਿੰਘ |
| ਸੁਰ ਲਿਪੀਆਂ | 33 | ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਪਹਿਲਾ) |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |

♦ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

♦ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

♦ Donations are eligible for relief u/s 80 G of Income-Tax Act, 1961
vide CIT/ CHD/ Tech./ 80-G/ 911 dated 23/05/2002 valid upto 31/03/2004

ਚੰਦੇ ਦਾ ਵੇਰਵਾ :

♦ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.
♦ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
♦ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

♦ ਵਾਹਿਗੁਰੂ ਦੀਆਂ ਹੋਰ ਬਹੁਤੀਆਂ ਰਹਿਮਤਾਂ ਹੋਣ ਤੁਹਾਡੇ 'ਤੇ। ਉਸਦੀ ਬਖ਼ਸ਼ਿਸ਼ ਹੀ ਹੈ ਕਿ ਅਜਿਹੇ ਜਾਨੇਲਵਾ ਐਕਸੀਡੈਂਟ ਤੋਂ ਆਪ ਜੀ ਦੀ ਰੱਖਿਆ ਕੀਤੀ।

'ਅੰਮ੍ਰਿਤ ਕੀਰਤਨ' ਦੇ ਸਿਰੜ ਨੇ ਤੁਹਾਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਿਆ ਹੈ ਤੇ ਇਸਦੇ ਪਾਠਕਾਂ ਦੀਆਂ ਅਰਦਾਸਾਂ ਸਦਾ ਤੁਹਾਡੇ ਅੰਗ ਸੰਗ ਰਹੀਆਂ ਨੇ। ਰੱਬ ਕਰੇ ਤੁਸੀਂ ਹੋਰ ਬਹੁਤੇ ਸੁਰੀਲੇ ਹੋ ਕੇ ਸੰਗਤਾਂ ਨੂੰ ਆਪਣੀ ਰਸਮਈ ਆਵਾਜ਼ ਤੇ ਜੀਵਨ ਦਾਨ ਦੇਣ ਵਾਲੀ ਗੁਰਬਾਣੀ ਵਿਚ ਇਸ਼ਨਾਨ ਕਰਵਾਉ। ਸਰੀਰਕ ਦੁੱਖ ਤੁਹਾਡੇ ਵਰਗੀ ਹਸਤੀ ਦਾ ਕੀ ਵਿਗਾੜ ਸਕਦਾ ਹੈ? ਮੈਂ ਹਰ ਵੇਲੇ ਤੁਹਾਡੀ ਸਿਹਤ ਲਈ ਦੁਆਵਾਂ ਕਰਦੀ ਹਾਂ।

*- ਤਾਰਨ ਗੁਜਰਾਲ, 2434 ਫੇਜ਼-XI, ਮੁਹਾਲੀ*

♦ 'ਅੰਮ੍ਰਿਤ ਕੀਰਤਨ' ਦਾ ਫਰਵਰੀ ਮਾਰਚ ਅੰਕ ਮਿਲਿਆ ਤਾਂ ਇਕ ਸਕੂਨ ਮਿਲਿਆ ਸੀ। ਗੰਭੀਰ ਗੁਰਮਤਿ ਚਿੰਤਨ ਅਤੇ ਗੁਰਮਤਿ ਕੀਰਤਨ ਰੀਤ ਦੇ ਇਸ ਨਿਵੇਕਲੇ ਅਲੰਬਰਦਾਰ ਦੀ ਉਡੀਕ ਬੇਸਬਰੀ ਨਾਲ ਹੁੰਦੀ ਹੈ। ਇਹ ਵੀ ਹਕੀਕਤ ਹੈ ਕਿ ਨਿੱਜੀ ਲੇਖ ਦੇ ਛਪੇ ਹੋਣ ਦੀ ਉਕਸੁਕਤਾ ਅਤੇ ਸੁਆਰਥ ਵੀ ਜੁੜਿਆ ਹੁੰਦਾ ਹੈ। ਮਈ ਅੰਕ ਮਿਲਣ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਪੜ੍ਹੀਆਂ ਦੋ ਖ਼ਬਰਾਂ ਬੜੀਆਂ ਤਕਲੀਫ ਦੇਹ ਲਗ ਰਹੀਆਂ ਹਨ।

24 ਅਪ੍ਰੈਲ ਦੀ ਅਖ਼ਬਾਰ ਵਿਚ ਖ਼ਬਰ ਸੀ- ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜਾਂ ਦੇ ਅਪਮਾਨ ਦੀ ਜਾਂਚ ਲਈ ਬਣੇ ਭੱਲਾ ਆਯੋਗ ਨੂੰ ਇਸ ਬਾਬਤ ਜਾਣਕਾਰੀ ਮੁਹਈਆ ਕਰਾਉਣ ਲਈ ਅਜੇ ਤੱਕ ਕੋਈ ਰਾਜਨੀਤਕ, ਧਾਰਮਿਕ ਜਾਂ ਸਮਾਜਕ ਸੰਸਥਾ ਅੱਗੇ ਨਹੀਂ ਆਈ ਹੈ। ਆਯੋਗ ਨੇ ਲੋਕਾਂ ਤੋਂ ਨਿੱਜੀ ਤੌਰ ਤੇ ਹਾਜ਼ਰ ਹੋਕੇ ਬੀੜਾਂ ਦੀ ਬੇਅਦਬੀ ਬਾਰੇ ਹਲਫਨਾਮੇ ਦੇ ਨਾਲ ਜਾਣਕਾਰੀ ਦੇਣ ਲਈ ਕਿਹਾ ਸੀ। ਇਸ ਦਰਮਿਆਨ ਆਯੋਗ ਨੇ ਰਾਜ ਸਰਕਾਰ ਨੂੰ ਇਕ ਲਾਅ ਅਫ਼ਸਰ ਦੇਣ ਲਈ ਵੀ ਕਿਹਾ ਹੈ। ਰਾਜ ਦੇ ਰਸੂਲਪੁਰ, ਤਰਖਾਨ ਮਾਜਰਾ ਆਦਿਕ ਕਈ ਥਾਵਾਂ ਤੇ ਕੁਝ ਅਰਸਾ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੀੜਾਂ ਦੀ ਬੇਅਦਬੀ ਹੋਣ ਤੇ ਲੋਕਾਂ ਨੇ ਭਾਰੀ ਨਾਰਾਜਗੀ ਜ਼ਤਾਉਂਦੇ ਹੋਏ ਇਸ ਮਾਮਲੇ ਦੀ ਜਾਂਚ ਲਈ ਇਕ ਨਿਆਂਇਕ ਆਯੋਗ ਗਠਤ ਕਰਨ ਦੀ ਮੰਗ ਕੀਤੀ ਸੀ।... ਬਾਕਸ ਵਿੱਚ ਖ਼ਬਰ ਛਪੀ- 'ਐਸ ਜੀ ਪੀ ਸੀ ਨੂੰ ਰਿਪੋਰਟ ਸੌਂਪੀ' ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜਾਂ ਦੇ ਅਪਮਾਨ ਦੇ ਮਾਮਲੇ ਦੀ ਜਾਂਚ ਲਈ ਗਠਤ ਤਿੰਨ ਮੈਂਬਰੀ ਜਾਂਚ ਕਮੀਸ਼ਨ ਨੇ ਆਪਣੀ ਰਿਪੋਰਟ ਐਸ ਜੀ ਪੀ ਸੀ ਦੇ ਪ੍ਰਧਾਨ ਬਡੂੰਗਰ ਨੂੰ ਸੌਂਪ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਕਮੀਸ਼ਨ ਨੇ ਰਿਪੋਰਟ ਵਿਚ ਸੁਝਾਵ ਦਿੱਤਾ ਹੈ ਕਿ ਤੇਜੀ ਨਾਲ ਵੱਧ ਰਹੇ ਬਾਬਿਆਂ ਅਤੇ ਉਨ੍ਹਾਂ ਦੇ ਡੇਰਿਆਂ ਤੇ ਨਜ਼ਰ ਰੱਖੀ ਜਾਏ। ਬੀੜਾਂ ਦੀ ਬੇਅਦਬੀ ਦੀ ਜਾਂਚ ਲਈ ਤਿੰਨ ਮੈਂਬਰੀ ਕਮੀਸ਼ਨ ਸ਼੍ਰੋਮਣੀ ਕਮੇਟੀ ਨੇ ਬਣਾਇਆ ਸੀ। ਸੁਆਲ ਇਹ ਹੈ ਕਿ ਬੀੜਾਂ ਦੇ ਅਪਮਾਨ ਵਿਰੁੱਧ ਵੱਡੇ ਵੱਡੇ ਫਤਵੇ ਦੇਣ ਵਾਲੇ ਪ੍ਰੇਮੀਆਂ ਨੇ ਭੱਲਾ ਕਮੀਸ਼ਨ ਨੂੰ ਹਲਫੀਆ ਬਿਆਨ ਕਿਉਂ ਨਹੀਂ ਦਿੱਤਾ ਕੀ ਮੁਜਾਹਰੇ ਕਰਨਾ ਕਰਵਾਨਾ ਸਿਆਸਤ ਸੀ ਜਾਂ ਹਲਫੀਆ ਬਿਆਨ ਨਾ ਦੇਣਾ ਸਿਆਸਤ ਹੈ? ਗੁਰਬਾਣੀ ਦੇ ਸੱਚੇ ਪ੍ਰੇਮੀਆਂ ਪਾਸੋਂ ਬੀੜਾਂ ਦੀ ਬੇਅਦਬੀ ਬਾਰੇ ਅਜਿਹੀ ਅਣਗਹਿਲੀ ਹਿਰਦੇ ਵੇਦਕ ਪੀੜਾ ਦਿੰਦੀ ਹੈ।

ਪਹਿਲੀ ਮਈ ਪੰਜਾਬੀ ਟ੍ਰਿਬਿਊਨ ਵਿਚ- 'ਹਰਿਮੰਦਰ ਸਾਹਿਬ 'ਚ ਕੀਰਤਨ ਨਿਰਧਾਰਤ ਰਾਗਾਂ 'ਚ ਨਹੀਂ ਹੋ ਰਿਹਾ' ਪ੍ਰਸਿੱਧ ਸ਼ਾਸ਼ਤਰੀ ਗਾਇਕ ਸੁਰਿੰਦਰ ਸਿੰਘ ਨੇ ਅੱਜ ਇੱਥੇ (ਨਵੀਂ ਦਿੱਲੀ ਯੂ ਐਨ ਆਈ) ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਹਰਿਮੰਦਰ ਸਾਹਿਬ ਵਿਚ ਕੀਰਤਨ ਨਿਰਧਾਰਤ ਰਾਗਾਂ ਵਿਚ ਨਹੀਂ ਕੀਤਾ ਜਾ ਰਿਹਾ। ਅਖੀਰ ਵਿਚ ਮਈ ਅੰਕ ਵਿੱਚ ਨੀਲਧਾਰੀ (ਦਾਸ) ਦੇ ਛਪੇ ਲੇਖ "ਆਤਮ ਪ੍ਰਕਾਸ਼ ਤੇ ਨਾਦ ਦੀ ਚੇਤਨਾ" ਵਿੱਚ ਅਨੁਭਵੀ ਪੁਰਸ਼ਾਂ ਨੂੰ ਅਨੇਕਾਂ ਵਿੱਥਾਂ ਅਖਰਨਗੀਆਂ। ਉਨ੍ਹਾਂ ਪਾਸੋਂ ਇਸ ਕਿਤਾਬੀ ਕਲਮ ਕਵਾਇਦ ਲਈ ਕਿਸੇ ਆਖੇਪ ਤੋਂ ਪਹਿਲਾਂ ਖਿਮਾਂ ਦਾ ਜਾਚੁਕ ਹਾਂ। ਅਜਿਹੇ ਸਿਰਲੇਖ ਨਾਲ ਰੂਹਾਨੀ ਪੱਧਰ ਦਾ ਅਨੁਭਵੀ ਵਿਅਕਤੀ ਹੀ ਨਿਆਂ ਕਰ ਸਕਦਾ ਹੈ।

ਅੰਮ੍ਰਿਤ ਕੀਤਰਨ ਦਾ ਜੂਨ ਅੰਕ ਮਿਲਿਆ। ਅੰਮ੍ਰਿਤ ਕੀਰਤਨ ਵਿਚ ਰਾਗ ਬੱਧ ਕੀਰਤਨ ਅਤੇ ਗੁਰਮਤਿ ਸੰਗੀਤ ਮਰਯਾਦਾ ਗੋਸ਼ਟੀ ਸਦਾ ਹੀ ਹੁੰਦੀ ਰਹਿੰਦੀ ਹੈ। ਗੁਰਸਿੱਖੀ ਦੇ ਕੇਂਦਰ ਹਰਿਮੰਦਰ ਸਾਹਿਬ ਵਿਚ ਪਿਛਲੇ 2-3 ਸਾਲ ਤੋਂ ਕੀਰਤਨ ਜੁਗਤ ਵਿਚ ਜਿਸ ਤਰ੍ਹਾਂ ਸੁਗਮ ਸੰਗੀਤ ਵਿੱਚ ਕੀਰਤਨ ਪ੍ਰਸਾਰਿਤ ਹੋਣ ਦਾ ਰੁਝਾਣ ਵਧ ਗਿਆ ਹੈ। ਉਸਦੀ ਚਿੰਤਾ ਸਰਬ ਗੰਭੀਰ ਚਿੰਤਕਾਂ ਨੂੰ ਹੋ ਰਹੀ ਹੈ। ਹੁਣ ਜਦੋਂ ਸਿੰਘ ਬੰਧੂਆਂ ਵਰਗੇ ਸੰਗੀਤ ਸ਼ਾਸਤਰੀ ਵਲੋਂ ਇਸ ਗਿਰਾਵਟ

ਬਾਰੇ ਪ੍ਰੈਸ ਨੋਟ ਛਾਪਿਆ ਹੈ ਤਾਂ ਆਪਦੇ ਸੰਪਾਦਕੀ ਨੇ ਵਰਤਮਾਨ ਨਾਲ ਪੂਰਾ ਨਿਆਂ ਕੀਤਾ ਹੈ। ਆਪਨੇ ਕਾਗਜੀ ਕਾਰਵਾਈ ਦਾ ਸੰਖੇਪ ਵੇਰਵਾ ਦੇਕੇ ਪਾਠਕਾਂ ਅੱਗੇ ਢੋਲ ਦੀ ਪੋਲ ਖੋਹਲ ਕੇ ਦਿੱਤੀ ਹੈ। ਵਾਸਤਵ ਵਿਚ ਤੁਹਾਡੇ ਦੱਸੇ ਵੇਰਵਿਆਂ ਨਾਲ ਕੀਰਤਨ ਸਬ ਕਮੇਟੀ ਦੀ ਕੀਤੀ ਕਿਸੇ ਵਿਕਾਸਸ਼ੀਲ ਪਹਿਲ ਦੀ ਥਾਂ ਦਿਨ ਬ ਦਿਨ ਵਿਗੜਦੀ ਦਸ਼ਾ ਦਾ ਗਿਆਨ ਹੀ ਸਪਸ਼ਟ ਹੁੰਦਾ ਹੈ।

ਖਬਰਨਾਮੇ ਵਿਚ ਆਪਨੇ ਇਕ ਮਈ ਨੂੰ ਪੰਜਾਬੀ ਟ੍ਰਿਬਿਊਨ ਦੇ ਵਿਚ ਛਪੇ ਪੂਰੇ ਪ੍ਰੈਸ ਨੋਟ ਨੂੰ ਛਾਪ ਕੇ ਦਸਤਾਵੇਜੀ ਸੰਭਾਲ ਪੁਖਤਾ ਕੀਤੀ ਹੈ। ਖਬਰਨਾਮਾ ਵਿਚ ਗੁਰਦੁਆਰਾ ਗਜਟ ਅਪ੍ਰੈਲ 2002 ਵਿਚੋਂ ਡਾ. ਬਚਨ ਦੀ ਲਿਖਤ ਸਾਰਹੀਨ ਹੈ। ਕੀਰਤਨ ਪਰੰਪਰਾ ਦੀ ਸਭ ਤੋਂ ਵੱਧ ਗਿਰਾਵਟ ਡਾ. ਗੁਰਬਚਨ ਸਿੰਘ ਬਚਨ ਦੇ ਸਕਤ੍ਰੇਤ ਸਮੇਂ ਵਿਚ ਹੀ ਆਈ ਹੈ। ਸ੍ਰ. ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਤੋਂ ਬਾਅਦ ਹੀ ਅੱਜਕਲ ਦਿਖਾਏ ਜਾ ਰਹੇ ਸਾਰੇ ਰਾਗੀ ਜੱਥੇ ਸਿਫਾਰਸ਼ੀ ਭਰਤੀ ਦਾ ਫਲ ਹਨ। ਗੁਰਮਤਿ ਨਹੀਂ ਕਹਿੰਦੀ ਕਿ ਕਿਸੇ ਉਤੇ ਘਪਲੇਬਾਜ਼ੀ ਦਾ ਆਰੋਪ ਲਗਾਇਆ ਜਾਵੇ ਕਿਉਂਕਿ 'ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ' ਇਸ ਕਰਕੇ ਉਸਦੇ ਨਿਆਂ ਪ੍ਰਤੀ ਵਿਸਵਾਸ਼ ਹੀ ਮਨ ਦੀ ਸ਼ਾਂਤੀ ਕਾਇਮ ਰੱਖ ਸਕਦਾ ਹੈ। ਅਸਹਿਨੀਯ ਬੇਜ਼ੁਗਤੀ ਨੇ ਹੀ ਭਾਈ ਸੁਰਿੰਦਰ ਸਿੰਘ ਨੂੰ ਪ੍ਰੇਰਿਤ ਕਰਕੇ ਪ੍ਰੈਸ ਬਿਆਨ ਜਾਰੀ ਕਰਕੇ ਨੀਰ-ਖੀਰ ਵਿਵੇਕ ਪ੍ਰਗਟ ਕਰ ਦਿੱਤਾ ਹੈ। ਆਪ ਨੇ ਠੀਕ ਹੀ ਲਿਖਿਆ ਹੈ ਕਿ ਹਜ਼ੂਰੀ ਰਾਗੀ ਦਾ ਤਮਗਾ ਵਿਦੇਸ਼ੀ ਚੱਕਰਾਂ ਲਈ ਸਹਾਈ ਹੋ ਜਾਂਦਾ ਹੈ। ਇਹ ਕਮਰਸ਼ਲ ਰੁਚੀ ਇਸੇ ਤਰ੍ਹਾਂ ਹੀ ਹੈ ਜਿਵੇਂ ਪੀ ਜੀ ਆਈ ਵਿਚ ਕੰਮ ਕਰਕੇ ਕੱਢੇ ਗਏ ਡਾਕਟਰ ਵੀ ਆਪਣੇ ਤਜ਼ੁਰਬੇ ਬੋਰਡ ਵਿਚ ਸਾਬਕਾ ਪੀ ਜੀ ਆਈ ਡਾਕਟਰ ਹੋਣ ਦਾ ਪ੍ਰਗਟਾਵਾ ਕਰਕੇ ਪੂਰਾ ਫਾਇਦਾ ਉਠਾਉਂਦੇ ਹਨ। ਮੌਜੂਦਾ ਸਮੇਂ ਵਿਚ ਤ੍ਰਿਸ਼ਨਾ ਲੋਭ ਹੋ ਜਾਵੇ ਤਾਂ ਕਹਿੰਦੇ ਹਨ- ਤ੍ਰਿਸ਼ਨਾ ਕਾ ਹੀ ਰਾਜਿਆ ਅਗਰ ਹੋ ਤੋ ਧਨ ਸੇ ਸੰਤੋਸ਼ ਕਹਾਂ ਹੈ ?

ਪੰਥਕ ਚਿੰਤਨ ਵਿਚ ਅੱਜ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿ ਅੱਜ ਰਾਗੀਆਂ, ਗ੍ਰੰਥੀਆਂ ਨੂੰ ਜਿਹੜੀ ਤਨਖਾਹ ਦਿੱਤੀ ਜਾਂਦੀ ਹੈ ਉਹ ਸਰਕਾਰੀ ਚਪੜਾਸੀ ਦੇ ਬਰਾਬਰ ਵੀ ਨਹੀਂ ਹੁੰਦੀ। ਰਾਗੀਆਂ, ਪਾਠੀਆਂ ਤੇ ਗ੍ਰੰਥੀਆਂ ਨੂੰ ਇੰਨੀ ਤਨਖਾਹ ਜ਼ਰੂਰ ਮਿਲਣੀ ਚਾਹੀਦੀ ਹੈ। ਜਿਸ ਨਾਲ ਉਹ ਪਰਿਵਾਰਕ ਖਰਚੇ ਸੁਵਿਧਾ ਨਾਲ ਪੂਰੇ ਕਰ ਸਕਣ। ਅੱਜ ਪੰਥ ਦੀ ਪਹਿਲੀ ਲੋੜ ਹੈ ਕਿ ਇੱਕ ਗੁਰਮਤਿ ਯੂਨੀਵਰਸਿਟੀ ਸਥਾਪਨਾ ਕਰਕੇ ਪੰਜਾਬ ਤੋਂ ਬਾਹਰ ਗੁਰਮੁਖੀ ਸਿੱਖਿਆ ਤੇ ਗੁਰਬਾਣੀ ਪਾਠ ਦੀ ਸਿੱਖਿਆ ਆਰੰਭੀ ਜਾਵੇ। ਪੰਜਾਬ ਵਿਚ ਤੇ ਬਾਹਰ ਵੱਡੇ ਵੱਡੇ ਸੰਗਮਰਮਰੀ ਗੁਰਦੁਆਰੇ ਸਾਲ ਵਿੱਚ ਕਿਤਨੇ ਮੇਲਿਆਂ ਵਿਚ ਰੁਝੇ ਹੁੰਦੇ ਹਨ ਅਤੇ ਕਿੰਨਾ ਚਿਰ ਰੱਖ ਰਖਾਵ ਤੋਂ ਸਖਣੇ ਰਹਿੰਦੇ ਹਨ ਇਹ ਕਹਿਣ ਦੀ ਲੋੜ ਨਹੀਂ; ਸਵੇਰ ਸ਼ਾਮ ਦੇ ਨਿਤਨੇਮ ਦੇ ਵਿਚਕਾਰ ਸਾਰਾ ਦਿਨ ਗੁਰਮਤਿ ਵਰਤੋਂ ਦੀ ਪੂਰੀ ਸੁਵਿਧਾ ਹਰ ਥਾਂ ਸੰਭਵ ਹੈ। ਯੂਨੀਵਰਸਿਟੀ ਕੈਂਪਸ ਵਿਚ 10ਵੀਂ ਬਾਦ ਹੀ ਪੜ੍ਹਾਈ ਦਾ ਪ੍ਰਬੰਧ ਕਰਕੇ ਗਿਆਨੀ ਕੋਰਸ ਵਰਗੀ ਗੁਰਮਤਿ ਪੜ੍ਹਾਈ ਅਤੇ ਸੰਗੀਤ ਸਿੱਖਿਆ ਦਾ ਉੱਚਤਮ ਇੰਤਜਾਮ ਹੋਵੇ। ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਪੀ ਐਚ ਡੀ ਸੁਵਿਧਾ ਦੇ ਨਾਲ ਹੀ ਸਿੱਖ ਸਭਿਆਚਾਰ, ਇਤਿਹਾਸ ਆਦਿ ਵਿਚ ਪੀ ਐਚ ਡੀ ਕਰਨ ਦੀ ਸੁਵਿਧਾ ਦੇ ਨਾਲ ਇਸ ਯੂਨੀਵਰਸਿਟੀ ਲਈ ਨਵੇ ਭਵਨ ਬਨਾਉਣ ਦੀ ਲੋੜ ਨਹੀਂ। ਕੇਵਲ ਯੋਜਨਾਬੱਧ ਤਰੀਕੇ ਨਾਲ ਸਟਾਫ ਰੱਖ ਕੇ ਕੰਮ ਸ਼ੁਰੂ ਕਰਨ ਦੀ ਦੇਰ ਹੈ ਸਫਲਤਾ ਗੁਰੂ ਨੇ ਦੇਣੀ ਹੈ। ਗੁਰਦੁਆਰਿਆਂ ਨਾਲ ਜੁੜੇ ਨਿਵਾਸ ਸਥਾਨ ਢੁਕਵੀਂ ਜੁਗਤ ਸਵਿਧਾ ਪੂਰਵਕ ਨਵੀਂ ਕੈਂਪਸ ਲੋੜਾਂ ਲਈ ਵਰਤੇ ਜਾ ਸਕਦੇ ਹਨ।

ਅਜਿਹੇ ਪ੍ਰਯਾਸ ਵਿਚ ਗੁਰੂ ਘਰ ਵਿਚ ਅਜਿਹੇ ਰਿਟਾਇਰ ਵਿਦਵਾਨਾਂ ਦੀ ਕਮੀ ਨਹੀਂ ਜੋ ਆਨਰੇਰੀ ਸੇਵਾ ਲਈ ਵੀ ਅੱਗੇ ਆ ਜਾਣ। ਅਜਿਹੀ ਯੂਨੀਵਰਸਿਟੀ ਕਾਇਮ ਕਰਕੇ ਇਸ ਵੇਲੇ ਸੇਵਾਰਤ ਸਾਰੇ ਰਾਗੀ ਗ੍ਰੰਥੀ ਤੇ ਪਾਠੀਆਂ ਦੀ ਯੋਗਤਾ ਦੇ ਟੈਸਟ ਲੈ ਕੇ ਯੋਗ ਡਿਪਲੋਮੇ ਦਿੱਤੇ ਜਾਣ। ਇਸ ਤਰ੍ਹਾਂ ਕਰਨ ਨਾਲ ਅਜਿਹੇ ਪੰਥ ਸ਼੍ਰੇਣੀਆਂ ਦਾ ਵਰਗੀਕਰਣ ਹੋ ਜਾਵੇਗਾ। ਇਨ੍ਹਾਂ ਨੂੰ ਨਿਸ਼ਚਿਤ ਸਮੇਂ ਬਾਅਦ ਵਰਗ ਸੁਧਾਰਨ ਲਈ ਅਤੇ ਰੈਫਰੈਸ਼ਰ ਕੋਰਸ ਕੈਂਪਾਂ ਦਾ ਲਾਭ ਵੀ ਦੇਣਯੋਗ ਗੁਰਮਤਿ ਹੋਵੇਗੀ। ਇਸ ਤਰ੍ਹਾਂ ਵਰਗੀਕ੍ਰਿਤ ਸਿੱਖਿਅਤ ਗੁਰਮਤਿ ਸ਼੍ਰੇਣੀਆਂ ਲਈ ਪੇ ਸਕੇਲ ਵੀ ਯੋਗ ਤਰੀਕੇ ਨਾਲ ਨਿਰਧਾਰਿਤ ਕੀਤੇ ਜਾ ਸਕਦੇ ਹਨ।

ਸਿੱਖ ਪੰਥ ਵਿੱਚ ਅਕਾਲ ਤਖ਼ਤ ਨੂੰ ਹਰਿਮੰਦਰ ਦੇ ਅਧੀਨ ਰੱਖਿਆ ਤੇ ਵਰਤਿਆ ਗਿਆ ਸੀ। ਪਿਛਲੇ ਕੁਝ ਸਾਲਾਂ ਦਾ ਨਵੀਨ ਇਤਿਹਾਸ ਦੱਸ ਰਿਹਾ ਹੈ ਕਿ ਅਕਾਲੀ ਪਾਰਟੀ ਦਾ ਪ੍ਰਧਾਨ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ

ਕਿੰਗ ਮੇਕਰ ਹੁੰਦਾ ਹੈ। ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਕਾਨੂੰਨ ਅਨੁਸਾਰ ਉਸਦਾ ਪ੍ਰਧਾਨ ਹੀ ਤਖ਼ਤਾਂ ਦੇ ਜਥੇਦਾਰ ਨਿਯੁਕਤ ਕਰਦਾ ਹੈ। ਜਿਸਦੇ ਅਧੀਨ ਉਸ ਗੁਰਧਾਮ ਤਖ਼ਤ ਦੇ ਸਾਰੇ ਗ੍ਰੰਥੀ ਹੁੰਦੇ ਹਨ। ਪੰਜ ਪਰਧਾਨੀ ਦਾ ਰੌਲਾ ਤਾਂ ਬਹੁਤ ਹੈ ਪਰ ਸਾਰੇ ਸਿਸਟਮ ਉੱਤੇ ਸਿਆਸਤ ਦੀ ਭੀੜ ਸ਼ਾਹੀ (ਬਹੁਮਤ) ਦੇ ਨਾਮ ਤੇ ਤਾਨਾਸ਼ਾਹੀ ਹੀ ਚਲਦੀ ਹੈ। ਤਖ਼ਤ ਦਾ ਜਥੇਦਾਰ, ਗੁਰਦੁਆਰਾ ਦੇ ਗ੍ਰੰਥੀ ਅਤੇ ਰਾਗੀਆਂ ਦੀ ਸੇਵਾ ਸਮਾਂ ਜੀਵਨ ਵਿੱਚ ਨਿਸ਼ਚਿਤ ਸਮੇਂ ਲਈ ਸਿਮਰਨ ਅਤੇ ਗੁਰਬਾਣੀ ਪਾਠ ਦਾ ਨਿਤਨੇਮ ਵੀ ਜੋੜਿਆ ਜਾਣਾ ਚਾਹੀਦਾ ਹੈ। ਅਜਿਹੀ ਸਾਧਨਾ ਲਈ ਨਿਤਨੇਮ ਕਰਨ ਦਾ ਸਥਾਨ ਤੇ ਸਮਾਂ ਨਿਸ਼ਚਿਤ ਅਤੇ ਹਰੇਕ ਗੁਰਸਿੱਖ ਦੀ ਦਰਸ਼ਨ ਪਹੁੰਚ ਵਿੱਚ ਹੋਣਾ ਚਾਹੀਦਾ ਹੈ। ਪੰਥਕ ਵਿਕਾਸ ਦੀ ਚਿੰਤਾ ਨਾਲ ਇਹ ਵਿਵਹਾਰਕ ਤੱਥ ਚੇਤੇ ਰੱਖਣਾ ਪਏਗਾ- 'ਜਿਤਰ ਰਾਜਾ ਤਿਤਰ ਪਰਜਾ ਪਾਣੀ ਉਤੋਂ ਹੇਠਾਂ ਆਉਂਦਾ ਹੈ' ਇਸ ਲਈ ਉਪਰਲਿਆਂ ਦਾ ਆਦਰਸ਼ ਹੀ ਸੰਗਤ ਦਾ ਮਾਰਗ ਦਰਸ਼ਨ ਕਰਨ ਲਈ ਸਾਰਥਕ ਹੋਵੇਗਾ।

*- ਕਰਤਾਰ ਸਿੰਘ ਨੀਲਧਾਰੀ, 162-ਏ, ਗਰੇਨ ਮਾਰਕੀਟ, ਚੰਡੀਗੜ੍ਹ*

♦ ਸਮਾਚਾਰ ਇਹ ਹੈ ਕਿ ਮਈ ਦਾ ਅੰਕ ਪ੍ਰਾਪਤ ਹੋਇਆ ਪਰ ਪਾਠਕਾਂ ਦੇ ਪੱਤਰਾਂ ਵਿਚ ਮੇਰਾ ਪੱਤਰ ਨਹੀਂ ਛਾਪਿਆ। ਕਿਰਪਾ ਕਰਕੇ ਜ਼ਰੂਰ ਛਾਪਿਆ ਕਰੋ। ਗੁਰੂ ਮਹਾਰਾਜ ਅੱਗੇ ਇਹ ਅਰਦਾਸ ਹੈ ਕਿ ਡਾਕਟਰ ਜਾਗੀਰ ਸਿੰਘ ਜੀ ਨੂੰ ਪੂਰਨ ਦੇਹ ਅਰੋਗਤਾ ਬਖਸ਼ਿਸ਼ ਕਰਨ। ਕਰਉ ਬੇਨੰਤੀਆ ਡਾ. ਜਾਗੀਰ ਸਿੰਘ ਜੀ ਦੇ ਵੀਚਾਰ, ਕਰਤਾਰ ਸਿੰਘ ਨੀਲਧਾਰੀ ਦਾ ਲੇਖ 'ਆਤਮ ਪ੍ਰਕਾਸ਼ ਤੇ ਨਾਦ ਦੀ ਰਚਨਾ', ਰਮੇਸ਼ ਸਿੰਘ ਦਾ ਲੇਖ 'ਜੇ ਗੁਣ ਹੋਵਨ ਗੰਠੜੀਐ ਮੇਲੇਗਾ ਸੋਈ' ਪ੍ਰੈਸ ਦੀ ਗਲਤੀ ਕਾਰਨ ਹੋਵਹਿ ਅਤੇ ਗਠੜੀਆਂ ਛਪ ਗਿਆ ਧਿਆਨ ਨਾਲ ਛਾਪਿਆ ਕਰੋ, ਪ੍ਰੋ. ਨਰਿੰਦਰ ਸਿੰਘ ਵਲੋਂ 'ਸਾਡਾ ਵਿਰਸਾ' ਜੋ ਬਹੁਤ ਹੀ ਕਮਾਲ ਦਾ ਲੇਖ ਸੀ, ਸਰਦਾਰ ਸਿਮਰਨਜੀਤ ਸਿੰਘ ਵਾਲੇ ਸਾਡੇ ਧਾਰਮਿਕ ਸਥਾਨ ਸ਼ੋਰ ਸ਼ਰਾਬੇ ਦੀ ਥਾਂ ਸ਼ਾਂਤੀ ਦੀ ਦਾਤ ਵੰਡਣ। ਮਾਫ ਕਰਨਾ, ਹਰ ਘਰ ਵਿੱਚ 4-4 ਟੀ ਵੀ, ਵੀ ਸੀ ਆਰ ਚਲਦੇ ਹਨ ਉਨ੍ਹਾਂ ਨਾਲ ਬੱਚਿਆਂ ਦੀ ਪੜ੍ਹਾਈ ਨਹੀਂ ਖਰਾਬ ਹੁੰਦੀ। ਗੁਰਦੁਆਰਾ ਮੰਦਰ ਬੰਦ ਹੀ ਕਰਾ ਦਿਉ ਜੇਕਰ ਸ਼ੋਰ ਸ਼ਰਾਬਾ ਹੁੰਦਾ ਹੈ। ਡਾ. ਜਾਗੀਰ ਸਿੰਘ ਨੂਰ ਦਾ ਲੇਖ 'ਲੋਕ ਸਾਜ਼ ਢੋਲ', ਭਾਈ ਅਸ਼ੋਕ ਸਿੰਘ ਬਾਗੜੀਆ ਵਲੋਂ 'ਗੁਰਮਤਿ ਕੀਤਰਨ', ਪ੍ਰੋ. ਕਰਤਾਰ ਸਿੰਘ ਦਾ ਲੇਖ 'ਗੁਰਮਤਿ ਸੰਗੀਤ ਅਕੈਡਮੀ' ਦਾ ਸਲਾਨਾ ਸਥਾਪਨਾ ਦਿਵਸ ਸਮਾਰੋਹ, ਪ੍ਰਿੰਸੀਪਲ ਦਿਆਲ ਸਿੰਘ ਵਲੋਂ 'ਰਾਗ ਮਾਝ ਵਿੱਚ ਤਿੰਨ ਤਾਲ ਦੀ ਬੰਦਸ਼', 'ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ' ਵਲੋਂ ਮਨਮੋਹਨ ਸਿੰਘ ਆਦਿਕ ਸਮੱਗਰੀ ਬਹੁਤ ਹੀ ਕਾਬਿਲੇ ਤਾਰੀਫ ਸੀ।

ਗੁਰੂ ਤੇਗ ਬਹਾਦਰ ਸੁਖਮਨੀ ਸਾਹਿਬ ਸੁਸਾਇਟੀ ਮਲੋਟ ਵਲੋਂ ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਵਤਾਰ ਪੁਰਵ ਸ਼ਰਧਾ ਪੂਰਵਕ ਮਨਾਇਆ ਗਿਆ ਭਾਈ ਧਰਮ ਸਿੰਘ ਜੀ, ਸੰਤ ਭਾਈ ਕਾਹਨ ਸਿੰਘ ਜੀ ਸੇਵਾ ਪੰਥੀ, ਭਾਈ ਮੰਗਤ ਸਿੰਘ ਮਸਤਾਨਾ, ਪ੍ਰੋ. ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ ਆਦਿ ਜਥਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

*- ਮੰਗਤ ਸਿੰਘ ਮਸਤਾਨਾ, C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ ਮਲੋਟ (ਮੁਕਤਸਰ)*

♦ ਆਸ ਹੈ ਕਿ ਆਪ ਜੀ ਐਕਸੀਡੈਂਟ ਦੇ ਅਸਰ ਤੋਂ ਬਾਹਰ ਆ ਚੁੱਕੇ ਹੋਵੋਗੇ। ਵਾਹਿਗੁਰੂ ਜੀ ਆਪ ਜੀ ਦੇ ਆਪ ਸਹਾਈ ਹਨ। ਆਸ ਹੈ ਆਪ ਜੀ ਨੇ ARNICA M 1000 ਜ਼ਰੂਰ ਲੇਈ ਹੋਵੇਗੀ। ਜੇ ਨਹੀਂ ਤਾਂ ਅੱਜ ਹੀ ਹੋਮਯੋਪੈਥਿਕ ਸਟੋਰ ਤੋਂ SCHWABE INDIA LTD. ਦੀ 10ml ਇਕ ਸ਼ੀਸ਼ੀ ਲੈ ਕੇ ਇਕ ਬੂੰਦ ਇਕ ਚਮਚ ਪਾਣੀ ਵਿਚ ਪਾ ਕੇ ਸਵੇਰੇ ਇਕ ਵੇਰ 4 ਦਿਨ ਲਵੋ ਜੀ। ਫਿਰ ਹਰ ਹਫਤੇ ਇਕ ਡੋਜ਼ ਤੇ 4 ਹਫਤੇ ਬਾਅਦ ਮਹੀਨੇ ਵਿਚ ਇਕ ਵੇਰ। ਇਹ ਦਵਾਈ ਅੰਦਰੂਨੀ ਚੋਟਾਂ ਲਈ ਬੇਮਿਸਾਲ ਹੈ। ਜੇ ਹੱਡੀ ਜੁੜਨ ਵਿਚ ਕੋਈ ਕਸਰ ਨਹੀਂ ਹੈ ਤਾਂ SYMPHYTOM 30 ਸਾ 200 ਦਿਨ ਵਿਚ 2/3 ਵੇਰ ਕੁਝ ਚਿਰ ਲੈਣ ਨਾਲ ਜੁੜ ਜਾਏਗੀ। (ਜੇ ਅੰਗਰੇਜ਼ੀ ਦਵਾਈਆਂ ਲੈ ਰਹੇ ਹੋ ਤਾਂ ਇਹ ਦਵਾਈਆਂ ਅਸਰ ਨਹੀਂ ਕਰਨਗੀਆਂ) 500 ਰੁਪਏ ਦਾ ਚੈੱਕ ਭੇਜ ਰਿਹਾ ਹਾਂ, ਦੇਰੀ ਲਈ ਮਾਫੀ ਦੇਣਾ ਜੀ। ਪਿਛਲੇ ਮੈਗਜ਼ੀਨ ਬੜੂ ਸਾਹਿਬ ਭੇਜ ਦਿੱਤੇ ਸਨ ਕਿ ਉੱਥੇ ਬੱਚੇ ਉਸ ਤੋਂ ਫਾਇਦਾ ਲੈਣਗੇ। ਵਾਹਿਗੁਰੂ ਜੀ ਆਪ ਨੂੰ ਹਿੰਮਤ ਬਖ਼ਸ਼ਣ, ਸਿਹਤ ਬਖ਼ਸ਼ਣ ਜੋ ਆਪ ਜੀ ਇਹ ਮਹਾਨ ਕਾਰਜ ਇਸੇ ਤਰ੍ਹਾਂ ਚਲਾਉਂਦੇ ਰਵੋ ਜੀ।

*- ਜੇ ਪੀ ਨੰਦਾ, ਅਸ਼ੀਰਵਾਦ ਇਨਕਲੇਵ, ਦੇਹਰਾਦੂਨ (ਯੂ ਪੀ)*

♦ ਕਾਫੀ ਦਿਨਾਂ ਬਾਅਦ ਆਪ ਜੀ ਵਲ ਖਤ ਲਿਖ ਰਿਹਾ ਹਾਂ ਜੀ। ਵਿੱਚ ਵਿੱਚ ਟੈਲੀਫੋਨ ਦੁਆਰਾ ਤੇ ਈ-ਮੇਲ ਦੁਆਰਾ ਆਪ ਜੀ ਨਾਲ ਗੱਲਬਾਤ ਹੁੰਦੀ ਰਹੀ ਤੇ ਆਪ ਜੀ ਦੀ ਸੁਖਸਾਂਦ ਮਿਲਦੀ ਰਹੀ।

ਇਹ ਜਾਣ ਕਿ ਅਤੀ ਪ੍ਰਸੰਨਤਾ ਹੋਈ ਕਿ ਆਪ ਜੀ ਨੇ ਡਿਊਟੀ ਜੁਆਇਨ ਕਰ ਲਈ ਹੈ ਤੇ ਆਫਿਸ ਜਾਂਦੇ ਹੋ। ਵਾਹਿਗੁਰੂ ਮੇਹਰ ਕਰਨ ਆਪ ਜੀ ਦੇ ਨੂੰ ਚੰਗੀ ਸਿਹਤ ਬਖਸ਼ਣ ਤੇ ਅਸੀਂ ਸਭ ਆਪ ਦਾ ਸਤਿਸੰਗ ਮਾਣਦੇ ਰਹੀਏ। ਪਿਆਰਾ ਮਾਸਕ 'ਅੰਮ੍ਰਿਤ ਕੀਰਤਨ' ਮਿਲ ਰਿਹਾ ਹੈ ਤੇ ਉਸ ਦੁਆਰਾ ਗੁਰਮਤਿ ਤੇ ਹੋਰ ਵਿਸ਼ਿਆਂ ਤੇ ਖੋਜ ਭਰੇ ਲੇਖ ਮਨ ਨੂੰ ਬਹੁਤ ਸ਼ਾਂਤੀ ਦਿੰਦੇ ਹਨ ਤੇ ਉਸ ਨਾਲ ਛੋਟੀਆਂ-ਛੋਟੀਆਂ ਗੱਲਾਂ ਤੇ ਚਾਨਣ ਪਾਉਂਦੇ ਹਨ ਤੇ ਸੋਝੀ ਦਿੰਦੇ ਹਨ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਫਿਰ ਦੁਬਾਰਾ ਪੜ੍ਹਨ ਨੂੰ ਮਨ ਕਰਦਾ ਹੈ। ਇੰਜ ਮਹਿਸੂਸ ਹੁੰਦਾ ਹੈ ਕਿ ਲੇਖ ਬੜੇ ਹੀ ਗੂੜ੍ਹੀ ਖੋਜ ਭਰੇ ਹਨ ਤੇ ਡੂੰਘੀਆਂ ਗਹਿਰਾਈਆਂ ਵਿਚੋਂ ਚੁਣੇ ਹੀਰੇ ਮੋਤੀ ਹਨ ਜੋ ਸਾਡੇ ਸਾਹਮਣੇ ਰੱਖ ਦਿੱਤੇ ਹਨ। ਇਹ ਕਹਿਣਾ ਬੜਾ ਹੀ ਮੁਸ਼ਕਲ ਹੈ ਕਿ ਕਿਹੜਾ ਲੇਖ ਬਹੁਤ ਹੀ ਚੰਗਾ ਹੈ। ਸਾਰੇ ਹੀ ਇਕ ਪ੍ਰਕਾਰ ਦੇ ਹਨ।

ਇਹ ਸਭ ਆਪ ਜੀ ਦੀ ਲਗਨ ਮਿਹਨਤ ਤੇ ਸੂਝ ਏਹੈ ਹੈ ਕਿ ਇਨ੍ਹਾਂ ਵਡਮੁੱਲੇ ਮੋਤੀਆਂ ਨੂੰ ਇਕ ਧਾਗੇ ਵਿਚ ਪਰੋ ਕੇ ਇਕ ਸੋਹਣੀ ਮਾਲਾ ਬਣਾ ਦਿੱਤੀ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ। ਸਾਡਾ 'ਅੰਮ੍ਰਿਤ ਕੀਰਤਨ' ਸਦਾ ਚੜ੍ਹਦੀਆਂ ਕਲਾ ਵਿਚ ਰਹੇ। ਵਾਹਿਗੁਰੂ ਜੀ ਆਪ ਜੀ ਨੂੰ ਸੋਹਣੀ ਸਿਹਤ ਬਖਸ਼ਣ, ਉੱਤਮ ਬਲ ਬਖਸ਼ਣ ਅਤੇ ਆਪ ਜੀ ਇਸ ਸੇਵਾ ਨੂੰ ਨਿਭਾਉਂਦੇ ਰਹੋ।

*- **ਨਰਿੰਦਰਪਾਲ ਸਿੰਘ**, ਕੇ ਜੀ 1/21, ਵਿਕਾਸਪੁਰੀ, ਨਵੀਂ ਦਿੱਲੀ 110 018*

♦ Could you please send me subscription details for 'Amrit Kirtan' and if possible a sample copy.

I was born in England and have lived here all my life. My brothers perform kirtan and have been listening to kirtan. What I have seen mainly in the last decade is the movement away from classical kirtan in raag to currently where 99% of the kirtan that you hear on tape or at gurdwaras is kirtan performed to popular filmi tunes.

I can vaguely remember raagis like Bhai Dharam Singh Zakhmi, Bhai Avtar Singh/ Gurcharan Singh, Prof. Darshan Singh, Gurdial Singh Rasia/Avtar Singh etc. I was about eight years old when Bhai Dharam Singh came to England in April 1972, the other raagis also came around the same time.

For a long time I have felt that the kirtan maryada that these great raagis adhered to has nearly disappeared. It is because of this that I have decided with a few other people to start to collect all the old recordings of raagis like these, document it and then distribute it at cost price. This is a non-commercial venture. We are not setting this up as a business. Our aim is to do parchar by distributing this kirtan to everybody.

The problem with classical kirtan is that most of it is recorded and then gets put into people's own private collections, over time as the individual gets old more often than not the recordings are discarded and are lost forever. That's why I have collected these recordings so that they can be preserved and distributed.

I would appreciate if you could assist me in this project by sending subscription details and how I can get hold of old copies of 'Amrit Kirtan'.

*- **Paramjit Singh,** 35, Meadow Waye, Hounslow, Middlesex, UK, TW5 9EY*

# ਕਰਉ ਬੇਨੰਤੀਆ

## ਪ੍ਰੇਮ ਅੰਮ੍ਰਿਤ ਹੈ

ਐਕਸੀਡੈਂਟ ਤੋਂ ਬਾਅਦ ਜਿਹੜੇ ਤਿੰਨ ਮਹੀਨੇ ਹਸਪਤਾਲ ਰਹਿਣਾ ਪਿਆ ਉਸ ਸਮੇਂ ਸਰੀਰਕ ਤਕਲੀਫ ਤਾਂ ਸੀ। ਪਰ ਜਦੋਂ ਹਰ ਰੋਜ਼ ਪੰਜ-ਸੱਤ ਮਿੱਤਰ ਪਿਆਰੇ ਹਾਲ ਚਾਲ ਪੁੱਛਣ ਆਉਂਦੇ ਤਾਂ ਬੜਾ ਚੰਗਾ ਲਗਦਾ। ਉਹਨੀਂ ਦਿਨੀਂ ਮੈਂ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਲੱਗ ਪਿਆ ਸੀ। ਆਪਣੇ ਆਪ ਤੇ ਬੜਾ ਮਾਣ ਹੁੰਦਾ ਕਿ ਮੈਂ ਇਤਨਾ ਚੰਗਾ ਹਾਂ। ਇਤਨੇ ਲੋਕ ਮੈਨੂੰ ਪਿਆਰ ਕਰਦੇ ਹਨ। ਫਿਰ ਹਸਪਤਾਲੋਂ ਘਰ ਆ ਗਿਆ ਹੌਲੀ ਹੌਲੀ ਲੋਕਾਂ ਦਾ ਆਉਣਾ ਘਟ ਗਿਆ। ਇਹਨਾਂ ਦਿਨਾਂ ਵਿਚ ਮੈ ਆਪਣੇ ਆਪ ਨੂੰ ਅਣਗੌਲਿਆਂ ਮਹਿਸੂਸ ਕਰਨ ਲੱਗ ਪਿਆ। ਇੰਜ ਜਾਪਿਆ ਜਿਵੇਂ ਲੋਕਾਂ ਨੂੰ ਮੇਰੀ ਬਿਮਾਰੀ ਨਾਲ ਪਿਆਰ ਸੀ ਮੇਰੇ ਨਾਲ ਨਹੀਂ। ਮੈਂ ਮਹਿਸੂਸ ਕੀਤਾ ਕਿ ਮਨੁੱਖ ਨੂੰ ਜੀਊਂਦੇ ਰਹਿਣ ਲਈ ਪਿਆਰ ਦੀ ਬਹੁਤ ਜ਼ਰੂਰਤ ਹੈ। ਇੱਥੇ ਜਿਊਂਦੇ ਰਹਿਣ ਦਾ ਅਰਥ ਆਤਮਕ ਜਾਂ ਮਾਨਸਿਕ ਤੌਰ 'ਤੇ ਜੀਊਂਦੇ ਰਹਿਣ ਤੋਂ ਹੈ।

ਉਦੋਂ ਹਸਪਤਾਲ ਵਿੱਚ ਨਵੇਂ ਸਾਲ ਦੇ ਆਏ ਕਾਰਡਾਂ ਨੂੰ ਚੰਗੀ ਤਰ੍ਹਾਂ ਨਹੀਂ ਸੀ ਵੇਖ ਸਕਿਆ। ਹੁਣ ਜਦੋਂ ਇੱਕ ਇੱਕ ਕਰਕੇ ਕਾਰਡ ਪੜ੍ਹੇ ਤਾਂ ਮਨ ਨੂੰ ਹੁਲਾਰਾ ਜਿਹਾ ਆਇਆ। ਮੇਰੇ ਇਕ ਮਿੱਤਰ ਹਨ ਸੋਹਲ ਸਾਹਿਬ। ਉਨ੍ਹਾਂ ਦਾ ਕਹਿਣਾ ਹੈ- ਜੇ ਤੁਸੀਂ ਕਿਸੇ ਦਾ ਪਿਆਰ ਸਤਿਕਾਰ ਕਰਦੇ ਹੋ ਤਾਂ ਉਸ ਨੂੰ ਪਰਗਟ ਵੀ ਕਰੋ। ਇਸ ਲਈ ਉਹ ਦਿਨ-ਦਿਹਾਰਾਂ ਸਮੇਂ ਆਪਣੇ ਮਿੱਤਰਾਂ ਨੂੰ ਖਾਸ ਤੋਹਫੇ ਦੇ ਕੇ ਆਪਣਾ ਪਿਆਰ ਕਰਦੇ ਹਨ। ਕੁਝ ਲੋਕ ਜਦੋਂ ਮੈਨੂੰ ਕਹਿੰਦੇ ਹਨ ਕਿ ਮੈਂ ਤੁਹਾਨੂੰ ਦਿਲੋਂ ਪਿਆਰ ਕਰਦਾ ਹਾਂ ਭਾਵੇਂ ਮੈਂ ਇਸ ਨੂੰ ਪਰਗਟ ਨਹੀਂ ਕਰ ਸਕਦਾ। ਉਨ੍ਹਾਂ ਨਾਲੋਂ ਮੈਨੂੰ ਪਿਆਰ ਪਰਗਟ ਕਰਨ ਵਾਲੇ ਬੰਦੇ ਚੰਗੇ ਲਗਦੇ ਹਨ। ਇੱਕ ਗਾਣੇ ਦੇ ਬੋਲ ਗੁਣਗੁਣਾਉਣ ਨੂੰ ਦਿਲ ਕਰਦਾ ਹੈ-

*ਕੋਈ ਹਮੇ ਥੋੜਾ ਸਾ ਪਿਆਰ ਕਰ ਲੇ ਝੂਠਾ ਹੀ ਸਹੀ।*

ਇਸ ਵਾਰ ਜਿਹੜੇ ਕਾਰਡ ਆਏ ਸਨ ਉਨ੍ਹਾਂ ਵਿਚ ਸੋਹਲ ਸਾਹਿਬ ਦਾ ਕਾਰਡ ਕਮਾਲ ਦਾ ਸੀ। ਉਹ ਮੈਨੂੰ ਸਮੇਂ ਦੇ ਦੈਂਤ ਨਾਲ ਲੜ ਰਿਹਾ ਸੂਰਮਾ ਜਾਪਿਆ। ਕਾਰਡ ਦੀ ਇਬਾਰਤ ਹਿੰਦੀ ਵਿੱਚ ਹੈ:

*365 ਦਾਂਤੋ ਵਾਲਾ ਰਾਕਸ਼ਸ*
*ਫਿਰ ਸਾਮਨੇ ਆਨ ਖੜਾ ਹੈ।*
*ਔਰ ਅੜਾ ਹੈ ਮਹੀਨੇ-ਹਫਤੋਂ ਮੇਂ ਕੈਦ ਦਿਨੋਂ ਕੋ*
*ਅਪਨੇ ਖ਼ੂਨੀ ਪੰਜੋਂ ਸੇ ਲਹੂ ਲੁਹਾਨ ਕਰਨੇ...*
*ਕਯਾ ਹਮ ਹਮੇਸ਼ਾ ਹਾਰਤੇ ਰਹੇਂਗੇ*
*ਢੋਤੇ ਰਹੇਂਗੇ ਅਪਨੇ ਕੰਧੋਂ ਪਰ*
*ਪਰਾਜਿਤ ਹੋਤੀ ਹੁਈ ਪੀੜ੍ਹੀਆਂ?*
*ਹੇ ਪ੍ਰਭੂ*
*ਨਈ ਸੁਬਹ ਮੇਂ ਪ੍ਰਕਾਸ਼ ਪੁੰਜ ਹੀ ਮਤ ਬਿਖੇਰੋ*
*ਇਸ ਦੈਤਯ ਕੇ ਜਬੜੋਂ ਮੇਂ ਫੰਸੀ ਹਰ ਰਾਤ ਕੋ*
*ਧਵਲ ਕਪੋਤੋਂ ਸੀ ਆਸ਼ਾ ਭਰੀ-ਵਿਸ਼ਵਾਸ਼ ਭਰੀ ਉੜਾਨ ਦੋ*
*ਔਰ ਦੋ ਜੀਵਨ ਕੋ ਜਿੰਦਾ ਰਹਿ ਕਰ ਜੀਨੇ ਕਾ ਸੰਕਲਪ ਹਮੇਂ।*

ਦਿੱਲੀ ਤੋਂ ਅਹੂਜਾ ਪਰਿਵਾਰ ਵਲੋਂ ਪ੍ਰਾਪਤ ਹੋਏ ਕਾਰਡ ਤੇ ਲਿਖਿਆ ਸੀ:

*Your ill health is a cause of concern to all of us. We pray to Waheguru to give you strength and courage to bear the pain. The Almighty will shower you with good health and happiness as a person with your sincerity and dedication will always be His blessed one. Soon, very soon, you will be back home on your feet and doing Kirtan and singing the Lords praise - such is your devotion to the cause of religion & faith.*

*We look forward to your continued well being & quick recovery.*

*Good times & good health is round the corner but we are always with you whether in sunny days or cloudy - rainy days - therefore please inform me if I can be of any help whatsoever.*

*I will speak to you again to hear your rich & firm voice. Our Ardas to Waheguru for your health & happiness.*

*Preeti, Semreta & Ekta join me in wishing you & your family a Happy New Year.*

ਚੰਡੀਗੜ੍ਹ ਤੋਂ ਮਹਿਤਾ ਪਰਿਵਾਰ ਨੇ ਕਾਰਡ ਰਾਹੀਂ ਸ਼ੁਭਇਛਾਵਾਂ ਭੇਜੀਆਂ:

*Here are our best wishes for your speedy recovery.*

*We could not meet you in the hospital for consideration of your health. It is extremely important that you are protected against any possible infection.*

*Hope to see you back to the world of devotional music & also to your wonderful journal 'Amrit Kirtan'*

*With our prayers for your health & happiness of your family. Regards.*

ਲੁਧਿਆਣਾ ਤੋਂ ਪ੍ਰਸਿੱਧ ਆਰਟਿਸਟ ਬਬਲੀ ਐਸ ਸਿੰਘ ਅਤੇ ਪਰਿਵਾਰ ਨੇ ਲਿਖਿਆ:

*ਵਾਹਿਗੁਰੂ ਇਹ ਨਵਾਂ ਸਾਲ ਆਪ ਲਈ ਬਹੁਤ ਹੀ ਖੁਸ਼ੀਆਂ ਲੈ ਕੇ ਆਏ। ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਜੋ ਉਸਨੇ ਆਪ ਦੀ ਬੜੀ ਰੱਖਿਆ ਕੀਤੀ। ਉਸੇ ਅੱਗੇ ਹਥ ਜੋੜਦੇ ਹਾਂ ਉਹ ਸਦਾ ਆਪਦੇ ਅੰਗ ਸੰਗ ਹੋਏ। ਵੀਰ ਬਹੁਤ ਹੀ ਕੀਮਤੀ ਹੁੰਦੇ ਹਨ। ਸਾਡੀ ਉਮਰ ਆਪ ਨੂੰ ਲਗੇ। ਆਪ, ਭਾਬੀ ਜੀ ਤੇ ਬੱਚੇ ਸਦਾ ਮੁਸਕੁਰਾਂਦੇ ਰਹੋ।*

ਅਤੇ ਜਗਦੀਸ਼ ਕੌਰ ਜੀ ਦਾ ਇਹ ਕਾਰਡ ਵੀ ਪ੍ਰੇਰਨਾ ਦਾ ਸਰੋਤ ਹੈ:

*New Year is a time to remember the special people in our lives-the thoughtful people who brighten our days all year through. The wonderful people who have touched our lives...*

*You are truly special people, and though it's not often that these feelings are put into words. New year just seems like a good time, to let you know how very much you all mean. Happy New Year to all of you*

ਇਨ੍ਹਾਂ ਕਾਰਡਾਂ ਵਿੱਚ ਦਿੱਤਾ ਪ੍ਰੇਮ ਸੁਨੇਹਾ ਸਚਮੁਚ ਹੀ ਅੰਮ੍ਰਿਤ ਹੈ। ਅੰਮ੍ਰਿਤ ਹੈ ਜੀਵਨ ਦਾਨ ਦੇਣ ਵਾਲਾ। ਅੰਮ੍ਰਿਤ ਹੈ ਪਿਆਰ!

# ਗੁਰਸਿਖੀ ਦੀ ਇਹ ਨਿਸ਼ਾਨੀ


## ਭਗਵੰਤ ਸਿੰਘ ਦਿਲਾਵਰੀ

ਤਪੋਵਨ, ਅਮਰਾਵਤੀ 444609 (ਮਹਾਰਾਸ਼ਟਰ)


31 ਸਾਲਾਂ ਤੋਂ ਵਧ ਸਮਾਂ ਹੋ ਗਿਆ ਹੈ ਜਦ ਗੁਰੂ ਨੇ ਕਿਰਪਾ ਕਰਕੇ ਇਸ ਕੂਕਰ ਨੂੰ ਅਪਣਾ ਚਮਤਕਾਰ ਦਿਖਾਇਆ ਤੇ

*ਏਕ ਨਿਮਖ ਮਹਿ ਮੇਰਾ ਸਭ ਦੂਖ ਕਾਟਿਆ॥*

ਪ੍ਰਤੱਖ ਰੂਪ ਵਿੱਚ ਪਰਗਟ ਹੋਇਆ। 10/10/70 ਤੋਂ ਲੈ ਕੇ ਮਨ ਵਿਚ ਤਾਂਘ ਰਹੀ ਹੈ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਤੇ ਹੋ ਸਕੇ ਤਾਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਖਾਲਸਾ ਦਾ ਜੋ ਰੂਪ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਉਲੀਕਿਆ ਸੀ, ਗੁਰਸਿੱਖੀ ਦਾ ਨਿਸ਼ਾਨ ਬਣ ਕੇ ਪਰਗਟ ਹੋਵੇ। ਬਹੁਤ ਲੋਕ ਸਾਡਾ image ਠੀਕ ਕਰਨ ਲਈ ਜਾਂ ਸਾਡਾ ਪ੍ਰਭਾਵ ਵਧਾਣ ਲਈ ਅਖ਼ਬਾਰ ਦਾ ਹੋਣਾ ਜ਼ਰੂਰੀ ਸਮਝਦੇ ਹਨ ਪਰ ਮੇਰੀ ਹਮੇਸ਼ਾਂ ਇਹ ਰਾਇ ਰਹੀ ਹੈ ਕਿ ਜੇ ਸਾਡਾ ਕਿਰਦਾਰ ਗੁਰਸਿੱਖਾਂ ਵਾਲਾ ਹੈ ਤਾਂ ਲੋਕ ਆਪਣੇ ਆਪ ਨੋਟ ਕਰਨਗੇ ਤੇ ਇਹ ਜ਼ਿਆਦਾ ਅੱਛਾ ਹੋਵੇਗਾ ਕਿ ਗੈਰਸਿੱਖ ਨੈਸ਼ਨਲ ਅਖ਼ਬਾਰ ਇਸਦੀ ਪ੍ਰਸਿੱਧੀ ਕਰਨ। ਅਸੀਂ ਆਪ ਮੀਆਂ ਮਿਠੂ ਨਾ ਬਣੀਏ ਤੇ ਨਾ ਹੀ ਬਣਨ ਦੀ ਲੋੜ ਪਵੇ।

ਗੁਰੂ ਨੇ ਰਹਿਮਤ ਕੀਤੀ ਹੈ Indian Express ਦੇ ਮੈਗਜ਼ੀਨ ਸੈਕਸ਼ਨ ਵਿੱਚ ਇੱਕ ਜੋੜੇ ਦਾ ਹਾਲ ਲਿਖਿਆ ਹੈ ਸੁਖਮਨੀ ਸਿੰਘ ਨੇ। ਮੈਂ ਉਸ ਲੇਖ ਦੇ ਅਧਾਰ 'ਤੇ ਸਭ ਪੰਜਾਬੀ ਰਸਾਲਿਆਂ ਲਈ ਲਿਖਣਾ ਚਾਹੁੰਦਾ ਹਾਂ ਕਿ ਉਸ ਸਿੱਖ ਜੋੜੇ ਸ੍ਰ. ਕੰਵਲਜੀਤ ਸਿੰਘ ਤੇ ਸਰਦਾਰਨੀ ਮਨਜੀਤ ਕੌਰ ਨੇ ਜਿਸ ਤਰ੍ਹਾਂ ਆਪਣੇ ਕਿਰਦਾਰ ਨਾਲ ਸਿੱਖੀ ਦੀ ਸ਼ਾਨ ਹੀ ਨਹੀਂ ਵਧਾਈ ਸਗੋਂ ਅੰਮ੍ਰਿਤਧਾਰੀ ਸਿੰਘ ਕਿਵੇਂ ਸਿੱਖੀ ਦੇ ਅਸੂਲ ਸਾਂਝੀਵਾਲਤਾ, ਸੇਵਾ, ਸਿਮਰਨ ਨਾਲ ਨਿਭਾਉਂਦਾ ਹੈ, ਇਹ ਵੀ ਪਰਗਟ ਕੀਤਾ ਹੈ।

ਜੈਪੁਰ (ਰਾਜਸਥਾਨ) ਦੇ ਰਹਿਣ ਵਾਲੇ ਤੇ 'ਸਰਦਾਰ ਜੀ ਵੈਨ ਵਾਲੇ' ਅਖਵਾਣ ਵਾਲੇ 45 ਸਾਲਾਂ ਦੇ ਸ੍ਰ. ਕੰਵਲਜੀਤ ਸਿੰਘ ਜੈਪੁਰ ਵਿੱਚ ਸਟੇਟ ਬੈਂਕ ਆਫ ਇੰਡੀਆ ਵਿੱਚ ਕਲਰਕ ਹਨ ਪਰ ਸੇਵਾ ਦਾ ਐਸਾ ਨਮੂਨਾ ਪੇਸ਼ ਕਰਦੇ ਹਨ ਕਿ ਸੁਖਮਨੀ ਸਿੰਘ ਨੇ 17/3/2000 ਦੀ Indian Express ਵਿੱਚ ਉਨ੍ਹਾਂ ਬਾਰੇ ਲੇਖ ਲਿਖਦਿਆਂ ਸਿਰਲੇਖ ਦਿੱਤਾ "A Lifeline on Wheels- He's bank clerk by day, an angel of life by night" (ਪਹੀਆਂ ਉੱਤੇ ਜਾਨ ਬਚਾਣ ਲਈ ਸਹਾਇਤਾ-ਉਹ ਦਿਹਾੜੀ ਇੱਕ ਬੈਂਕ ਕਲਰਕ ਹੈ ਪਰ ਰਾਤੀਂ ਜੀਵਨਦਾਨ ਦੇਣ ਵਾਲਾ ਫਰਿਸ਼ਤਾ)

ਜੈਪੁਰ ਦੀਆਂ ਤੰਗ ਗਲੀਆਂ ਵਾਲੇ ਇਲਾਕੇ ਰਾਜਾ ਪਾਰਕ ਦੇ ਨੇੜੇ ਇੱਕ ਮਹਾਨ ਹਸਤੀ ਹੈ ਜਿਸਨੂੰ ਲਗਨ ਹੈ ਰਾਤੀਂ ਸੇਵਾ ਕਰਨ ਦੀ। ਜਦ ਬੈਂਕ ਦਾ ਕੰਮ ਮੁਕਾ ਲੈਂਦਾ ਹੈ ਤਾਂ ਉਹ ਦੂਜੀ ਸ਼ਿਫਟ ਸ਼ੁਰੂ ਕਰਦਾ ਹੈ ਕੇਵਲ ਸੇਵਾ ਦੇ ਨਾਤੇ ਆਪਣੀ ਮਾਰੂਤੀ ਵੈਨ ਵਿੱਚ ਬੀਮਾਰ ਮਰੀਜ਼ਾਂ ਨੂੰ ਹਸਪਤਾਲ ਪੁਚਾਣ ਦੀ, ਸ਼ਹਿਰ ਵਿੱਚ ਭਾਵੇਂ ਕਿਤੇ ਵੀ ਜਾਣਾ ਹੋਵੇ। ਐਂਬੂਲੈਂਸ ਵੈਨ ਵਿੱਚ ਗੁਰਬਾਣੀ ਕੈਸਟ ਚਾਲੂ ਹੈ ਤੇ ਸੇਵਾ ਪੂਰੀ ਤਰ੍ਹਾਂ ਮੁਫਤ ਹੈ ਤੇ ਸਾਰਾ ਖਰਚ ਸ੍ਰ. ਕੰਵਲਜੀਤ ਸਿੰਘ ਆਪਣੀ ਕਮਾਈ ਦੀ ਬਚਤ ਵਿਚੋਂ ਕਰਦਾ ਹੈ।

ਹੋਰ ਗੁਰੂ ਪਿਆਰ ਦੀ ਮੂਰਤ ਅੰਮ੍ਰਿਤਸਰ ਦੀ ਜੰਮਪਲ ਸਰਦਾਰਨੀ ਮਨਜੀਤ ਕੌਰ ਦਿਹਾੜੀ ਭਾਵੇਂ ਘਰ ਸਾਂਭਦੀ ਹੈ ਪਰ ਆਪਣੇ ਪਤੀ ਦੀ ਪੂਰੀ ਤਰ੍ਹਾਂ ਸੇਵਾ ਵਿੱਚ ਮਦਦ ਕਰਦੀ ਹੈ। 24 ਘੰਟੇ ਘਰ ਦਾ telephone ਖੜਕਦਾ ਹੈ ਤੇ ਇਹ ਬੀਬੀ ਆਪਣੇ ਦੋਵੇਂ ਬੱਚਿਆਂ (ਜਿਹੜੇ 9 ਤੇ 13 ਸਾਲ ਦੇ ਹਨ) ਦਾ ਕੰਮ ਛੱਡ, ਵੈਨ ਲੈਕੇ ਗਰੀਬਾਂ ਬੀਮਾਰਾਂ ਦੀ ਮਦਦ ਲਈ ਨਿਕਲ ਪੈਂਦੀ ਹੈ।

ਕੁਝ ਗੱਲਾਂ ਜੋ ਗੁਰਸਿੱਖੀ ਦਾ ਨਮੂਨਾ ਕਹੀਆਂ ਜਾ ਸਕਦੀਆਂ ਹਨ ਉਨ੍ਹਾਂ ਦੇ ਜੀਵਨ ਚੋਂ ਮੈਂ ਨੋਟ ਕੀਤੀਆਂ।

1) ਮੁਫਤ ਸੇਵਾ ਲਈ ਉਧਾਰ ਦੇਣ ਵਾਸਤੇ ਇਹ ਦੰਪਤੀ ਆਪਣੇ ਦਸਵੰਧ 'ਚੋਂ ਬਹੁਤ ਸਾਰੀਆਂ ਹਸਪਤਾਲ

ਵਿੱਚ ਕੰਮ ਆਣ ਵਾਲੀਆਂ ਚੀਜਾਂ ਖਰੀਦ ਕੇ ਜਮ੍ਹਾਂ ਰੱਖਦੇ ਹਨ ਆਪਣੇ ਘਰ ਤੇ ਵੇਲੇ ਸਿਰ 8 ਵੀਲ ਚੇਅਰਾਂ, ਸਟਰੈਚਰਾਂ, ਵਾਟਰ ਬੈਡਜ਼, ਬੈਡਪੈਨਾਂ ਆਦਿ ਵਿੱਚੋਂ ਉਧਾਰ ਦੇਂਦੇ ਹਨ। ਬਿਲਕੁਲ ਮੁਫਤ ਦੇਂਦੇ ਹਨ ਜਿਹੜਾ ਵੀ ਲੋੜਵੰਦ ਹੋਵੇ। ਹਰ ਮਹੀਨੇ ਆਪਣੀ ਤਨਖਾਹ ਵਿੱਚੋਂ ਕੰਵਲਜੀਤ ਸਿੰਘ ਸ਼ੇਅਰ ਖਰੀਦਨ ਜਾਂ ਫਿਕਸਡ ਡਿਪਾਜ਼ਿਟ ਵਿੱਚ ਪੈਸੇ ਜਮ੍ਹਾਂ ਕਰਾਣ ਦੀ ਥਾਂ ਨਵੀਆਂ-ਨਵੀਆਂ ਸਰਜੀਕਲ ਆਈਟਮਾਂ ਖਰੀਦ ਲੈਂਦਾ ਹੈ ਤੇ ਵੇਲੇ ਸਿਰ ਉਧਾਰ ਦੇਂਦਾ ਹੈ ਲੋੜਵੰਦਾਂ ਨੂੰ। ਅਜਕਲ੍ਹ ਤਿੰਨ ਵੀਲ ਚੇਅਰਾਂ ਮੁਸਲਮਾਨ ਅਪੰਗ ਵੀਰਾਂ ਨਾਲ ਹਜ ਦੀ ਸੈਰ ਕਰਕੇ ਆਈਆਂ ਹਨ।

2) ਜੇ ਪੁੱਛੋ ਆਪਣੀ ਲੋੜ ਲਈ ਪੈਸਾ ਨਹੀਂ ਬਚਾਂਦੇ ਤਾਂ ਸ੍ਰ. ਕੰਵਲਜੀਤ ਸਿੰਘ ਮੋਢਾ ਮਾਰਦਾ ਹੈ ਬੇਪਰਵਾਹੀ ਵਿੱਚ। ਮੇਰੇ ਕੋਲ ਪ੍ਰਭੂ ਦਾ ਦਿੱਤਾ ਸਭ ਕੁਛ ਹੈ, ਇਹੀ ਮੇਰੀ ਬੱਚਤ ਹੈ, ਮੇਰਾ ਖ਼ਾਲਕ ਮੇਰੇ ਨਾਲ ਹੈ, ਮੈਨੂੰ ਕਿਸਦੀ ਚਿੰਤਾ?

3) ਸੁਖਮਨੀ ਸਿੰਘ ਨੇ ਇਸ ਸਿੱਖ ਜੋੜੇ ਨੂੰ ਘਰੇਲੂ 'Florence Nightingale' ਦਾ ਨਾਂ ਦਿੱਤਾ ਹੈ ਤੇ ਲਿਖਿਆ ਹੈ ਕਿ ਕੰਵਲਜੀਤ ਸਿੰਘ ਨੇ ਸੇਵਾ ਦਾ ਇਹ ਕੰਮ ਆਪਣੇ ਪਿਤਾ ਸ੍ਰ. ਕਰਤਾਰ ਸਿੰਘ ਤੋਂ ਪ੍ਰੇਰਨਾ ਲੈ ਕੇ ਸ਼ੁਰੂ ਕੀਤਾ ਤੇ ਨਾਂ ਵੀ ਇਹੋ ਰੱਖਿਆ ਹੈ 'ਕਰਤਾਰ ਸਿੰਘ ਸੇਵਾ ਕੇਂਦਰ'। ਸ੍ਰ. ਕਰਤਾਰ ਸਿੰਘ ਜੋ ਸਰਕਾਰੀ ਨੌਕਰ ਸਨ ਤੇ ਰੈਡ ਕਰਾਸ ਦੇ ਮੈਂਬਰ ਵੀ ਸਨ, ਕੁਝ ਸਾਲ ਪਹਿਲਾਂ ਪ੍ਰਾਸਟੇਟ ਕੈਂਸਰ ਹੋਣ ਕਰਕੇ ਸ਼ਰੀਰ ਛੱਡ ਗਏ। ਕੰਵਲਜੀਤ ਸਿੰਘ ਕਹਿੰਦਾ ਹੈ- 'ਸਿੱਖ ਹੋਣ ਦੇ ਨਾਤੇ ਮੈਨੂੰ ਹਰ ਵੇਲੇ ਇਸ ਗੱਲ ਦਾ ਖਿਆਲ ਰਹਿੰਦਾ ਸੀ ਕਿ ਮੇਰੀ ਆਮਦਨੀ ਦਾ ਦਸਵਾਂ ਹਿੱਸਾ ਗਰੀਬਾਂ-ਦੁਖੀਆਂ ਦੀ ਸੇਵਾ ਵਿੱਚ ਦਾਨਪੁੰਨ ਵਲ ਜਾਣਾ ਚਾਹੀਦਾ ਹੈ। ਸ਼ੁਰੂ ਤੋਂ ਹੀ ਮੈਨੂੰ ਸ਼ੌਕ ਸੀ ਕਿ ਮੈਂ ਪੁਰਾਣੀਆਂ ਕਿਤਾਬਾਂ SMS ਹਸਪਤਾਲ ਦੇ ਮਰੀਜ਼ਾਂ ਨੂੰ ਭੇਜ ਦਿਆਂ। ਮੇਰਾ ਹੁਣ ਵੀ ਦਿਲ ਕਰਦਾ ਹੈ ਕਿ ਲੋੜਵੰਦ ਲੋਕਾਂ ਦੀ ਮੈਂ ਹੱਥੀਂ ਸੇਵਾ ਕਰਾਂ ਨਾ ਕਿ ਪੈਸੇ ਗੁਰਦੁਆਰੇ ਨੂੰ ਦਾਨ ਵਜੋਂ ਭੇਜ ਦਿਆਂ। ਜਦੋਂ ਕਦੇ ਕੋਈ ਮਰੀਜ਼ ਮੈਨੂੰ ਇਕ ਚਿੱਠੀ ਲਿਖਣ ਲਈ ਕਹਿੰਦਾ ਜਾਂ ਹੋਰ ਕੋਈ ਸੇਵਾ ਮੰਗਦਾ ਤਾਂ ਮੈਨੂੰ ਬੜੀ ਖੁਸ਼ੀ ਹੁੰਦੀ।

4) ਕੰਵਲਜੀਤ ਹਮੇਸ਼ਾਂ ਹੀ ਇਕ ਭਲਾਈ ਕਰਨ ਵਾਲਾ typical good samaritan ਹੈ। 1990 ਵਿੱਚ ਜਦ ਹਿੰਦੂ ਮੁਸਲਮਾਨ ਦੰਗੇ ਹੋਏ ਸਨ ਜੈਪੁਰ ਵਿੱਚ, ਤਾਂ ਉਹ ਬਕਾਇਦਾ ਆਪਣੇ ਮੁਸਲਮਾਨ ਦੋਸਤਾਂ ਲਈ ਪੁਰਾਣੇ ਇਲਾਕੇ ਵਿੱਚ ਖਾਣਾ ਤੇ ਦੁੱਧ ਪਹੁੰਚਾਂਦਾ ਸੀ। ਜਦੋਂ ਉਹ ਆਪਣਾ Hero Honda ਮੋਟਰਸਾਈਕਲ ਚਲਾਉਂਦਾ ਸੀ ਉਦੋਂ ਵੀ ਜ਼ਖਮੀਆਂ ਦੀ ਸੇਵਾ ਕਰਨੋ ਨਹੀਂ ਸੀ ਝਿਝਕਦਾ। ਤਿੰਨ ਸਾਲ ਹੋਏ ਉਸ ਦੇਖਿਆ ਕਿ ਇੱਕ ਬੰਦੇ ਦੀ ਖੋਪਰੀ ਪਾਟ ਗਈ ਹੈ ਤੇ ਉਹ ਬੇਸਹਾਰਾ ਪਿਆ ਹੈ ਟਰੱਕ ਥੱਲੇ ਆਣ ਕਰਕੇ। ਆਪਣੇ ਮੋਟਰ ਸਾਈਕਲ ਤੇ ਹੀ ਉਹ ਉਸਨੂੰ ਹਸਪਤਾਲ ਲੈ ਗਿਆ ਤੇ ਪਿੱਛੋਂ ਨਾਲ ਲਗਦੇ ਪਿੰਡ ਘਰ ਛਡ ਕੇ ਆਇਆ।

5) ਅੱਜ ਤੱਕ ਉਹ ਕੋਈ 10 ਐਕਸੀਡੈਂਟਾਂ ਦੇ ਜ਼ਖਮੀਆਂ ਨੂੰ ਬਚਾਉਣ ਵਿੱਚ ਸਫਲ ਹੋਇਆ ਹੈ ਤੇ ਉਹ ਕਹਿੰਦਾ ਹੈ ਕਿ ਮੈਨੂੰ ਪੁਲਿਸ ਨੇ ਕਦੇ ਨਾ ਤੰਗ ਕੀਤਾ ਹੈ ਤੇ ਨਾ ਕਦੇ ਕਚਹਿਰੀ ਦੇ ਧੱਕੇ ਖਾਣੇ ਪਏ ਹਨ (ਮੈਨੂੰ ਯਾਦ ਆਇਆ ਭਾਈ ਤਾਰਾ ਜਿਹੜਾ ਲਾਹੌਰ ਸ਼ਹਿਰ ਵਿੱਚ ਬਾਬਰ ਦੇ ਹੁਕਮ ਨਾਲ ਸਾੜੇ ਜਾਂਦੇ ਘਰਾਂ ਨੂੰ ਪਾਣੀ ਨਾਲ ਬੁਝਾਂਦਾ ਸੀ) ਕਿਸੇ ਪੁੱਛਿਆ ਤੈਨੂੰ ਪਤਾ ਨਹੀਂ ਸਰਕਾਰ ਦਾ ਹੁਕਮ ਹੈ ਸ਼ਹਿਰ ਨੂੰ ਸਾੜ ਦਿਓ, ਉਸ ਜੁਆਬ ਦਿੱਤਾ- ਮੇਰੀ ਸਰਕਾਰ ਦਾ ਹੁਕਮ ਹੈ ਜਿੱਥੇ ਅੱਗ ਲੱਗੀ ਹੈ ਬੁਝਾਓ।

ਕੰਵਲਜੀਤ ਦੱਸਦਾ ਹੈ ਕਿ ਐਂਬੂਲੈਂਸ ਦਾ ਖਿਆਲ ਉਸਨੂੰ ਪੰਜ ਸਾਲ ਪਹਿਲਾਂ ਇੱਕ ਨਿੱਜੀ ਤਜ਼ਰਬੇ ਤੋਂ ਪੈਦਾ ਹੋਇਆ। ਡੇਹਰਾਦੂਨ ਦੇ ਨੇੜੇ ਸਹਸਤਰਧਾਰਾ ਚਸ਼ਮਿਆਂ ਤੇ ਸੈਰ ਕਰ ਰਹੇ ਸਨ ਉਹ ਪਰਿਵਾਰ ਨਾਲ, ਤਾਂ ਉਨ੍ਹਾਂ ਦੇ ਤਿੰਨ ਸਾਲ ਦੇ ਬੇਟੇ ਹਰਮਨਪ੍ਰੀਤ ਦੀ ਸਜੀ ਕੋਹਣੀ ਢਹਿਣ ਨਾਲ ਟੁੱਟ ਗਈ। ਬੜੀ ਮੁਸ਼ਕਲ ਨਾਲ ਪ੍ਰਾਈਵੇਟ ਟੈਕਸੀ ਵਿੱਚ ਬੱਚੇ ਨੂੰ ਦੇਹਰਾਦੂਨ ਲਿਆਉਣ ਤੇ ਪਤਾ ਲੱਗਾ ਕਿ ਹੱਡੀ ਦੇ ਚਾਰ ਟੁਕੜੇ ਹੋ ਗਏ ਹਨ ਤੇ ਫੌਰਨ ਅਪਰੇਸ਼ਨ ਕਰਨਾ ਹੈ। ਹਰ ਕੋਈ ਬੜੇ ਚਾਅ ਨਾਲ ਆਪਣੀ ਵਿੱਤ ਤੋਂ ਵਧ ਮਦਦ ਲਈ ਤਿਆਰ ਹੋ ਗਿਆ ਤੇ ਜੋ ਸੋਚਿਆ ਕਿ ਦੁਨੀਆਂ ਵਿੱਚ ਕਿਤਨੇ ਹੀ ਚੰਗੇ ਲੋਕ ਹਨ। ਇਹੋ ਜਿਹੇ ਲੋਕਾਂ ਦੀ ਟੋਲੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਕੇ ਇੱਕ ਸਾਲ ਬਾਅਦ ਆਪਣੇ National Saving Certificate ਤੇ ਗਹਿਣੇ ਪਾ ਕੇ ਕਾਰ ਦਾ

loan ਲਿਆ ਤੇ ਐਂਬੂਲੈਂਸ ਦਾ ਕੰਮ ਸ਼ੁਰੂ ਕਰ ਦਿੱਤਾ।

ਹੋਰ ਅਨੰਦ ਵਾਲੀ ਗੱਲ ਦੇਖੋ, ਉਸਦੀ ਸਮਾਜ ਸੇਵਾ ਦੀ ਰੁਚੀ ਹੁਣ ਸਾਰੇ ਟੱਬਰ ਵਿੱਚ ਫੈਲ ਗਈ ਹੈ। ਕੰਵਲਜੀਤ ਦੀ ਪਤਨੀ ਮਨਜੀਤ ਨੇ ਤਿੰਨ ਸਾਲ ਪਹਿਲਾਂ ਕਾਰ ਚਲਾਣੀ ਸਿੱਖ ਲਈ ਤੇ ਮਰੀਜ਼ਾਂ ਨੂੰ ਇਧਰੋਂ-ਉਧਰ ਪਹੁੰਚਾਣਾ ਸ਼ੁਰੂ ਕਰ ਦਿੱਤਾ। ਹੁਣ ਹਸ ਕੇ ਕਹਿੰਦੀ ਹੈ, "ਮੈਨੂੰ ਤਾਂ ਕਾਰ ਨੂੰ ਪਿੱਛੇ ਕਰਨਾ ਵੀ ਨਹੀਂ ਸੀ ਆਉਂਦਾ ਤੇ ਨਾ ਹੀ ਹਸਪਤਾਲ ਦੇ ramp 'ਤੇ ਚੜਾਉਣਾ ਆਉਂਦਾ ਸੀ। ਮੈਂ ਆਪਣਾ ਖ਼ੂਨ ਵੀ ਜਰਾ ਕੁ ਦੇਖਾਂ ਤਾਂ ਕੰਬਣ ਲੱਗ ਪੈਂਦੀ ਸੀ ਪਰ ਮੈਂ ਅੱਖਾਂ ਬੰਦ ਕਰ ਲਈਆਂ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਮੇਰੇ ਨਾਲ ਕੋਈ ਮਰੀਜ਼ ਹੁੰਦਾ ਹੈ, ਮੈਨੂੰ ਕਮਾਲ ਦਾ ਭਰੋਸਾ ਹੁੰਦਾ ਹੈ ਤੇ ਜਦੋਂ ਸ਼ੁਕਰਾਨੇ ਵਿੱਚ ਲੋਕੀ ਮੈਨੂੰ ਅਸ਼ੀਰਵਾਦ ਦੇਂਦੇ ਹਨ, ਮੈਨੂੰ ਲਗਦਾ ਹੈ ਮੈਂ ਵਾਹਿਗੁਰੂ ਦੇ ਦਰਸ਼ਨ ਕਰ ਲਏ ਹਨ"

ਮਨਜੀਤ ਕੌਰ ਦਾ ਹੋਰ ਕਮਾਲ ਵੇਖੋ। ਮਾਣ ਨਾਲ ਕਹਿੰਦੀ ਹੈ ਕਿ 100 'ਚੋਂ 90 ਲੋਕ ਜਿਨ੍ਹਾਂ ਨੂੰ ਉਸ ਹਸਪਤਾਲ ਪਹੁੰਚਾਇਆ ਹੈ, ਬਚ ਗਏ ਹਨ ਕਿਉਂਕਿ ਆਪਣਾ ਸਿਰ ਚੁੱਕ ਕੇ ਉਹ ਨਾਲ-ਨਾਲ ਅਰਦਾਸ ਕਰਦੀ ਜਾਂਦੀ ਹੈ ਕਿ ਜਦ ਕਾਰ ਚਲਾ ਰਹੀ ਹੁੰਦੀ ਹੈ। "ਇੱਕ ਵਾਰ ਮੈਂ ਇੱਕ diabetese ਦੇ ਮਰੀਜ਼ ਜੁਗਲ ਕਿਸ਼ੋਰ ਨੂੰ ਹਸਪਤਾਲ ਲੈ ਗਈ, ਉਸਦਾ sugar level ਇਤਨਾ ਥੱਲੇ ਜਾ ਚੁੱਕਾ ਸੀ ਕਿ ਡਾਕਟਰ ਨੇ ਕਿਹਾ ਇਸ ਮਰ ਜਾਣਾ ਸੀ ਜੇ ਪੰਜ ਮਿੰਟ ਹੋਰ ਦੇਰ ਨਾਲ ਪਹੁੰਚਦਾ। ਹੁਣ ਉਹ ਹਰ ਵਾਰ ਜਦ ਮੈਨੂੰ ਸਵੇਰੇ ਸੈਰ ਕਰਦਿਆਂ ਮਿਲਦਾ ਹੈ, ਅਸ਼ੀਰਵਾਦ ਦੇਂਦਾ ਹੈ।"

ਇਸ ਜੋੜੇ ਦੀ ਕਹਾਣੀ ਪੜ੍ਹ ਕੇ ਹੁਣ ਲਿਖਦਿਆਂ ਮੈਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਵੇਲੇ ਦੇ ਇਕ ਜੋੜੇ ਦਾ ਖਿਆਲ ਆ ਗਿਆ ਹੈ। ਕਹਿੰਦੇ ਹਨ, ਇਕ ਬਜ਼ੁਰਗ ਹਮੇਸ਼ਾਂ ਹਰ ਸਾਲ ਅਨੰਦਪੁਰ ਸਾਹਿਬ ਜਾਂਦੇ ਸਨ ਗੁਰੂ ਦੇ ਦਰਸ਼ਨ ਕਰਨ ਪਰ ਉਹ ਬਿਮਾਰ ਹੋਣ ਕਰਕੇ ਜਾ ਨਾ ਸਕੇ। ਆਪਣੇ ਪ੍ਰਭੂ ਨੂੰ ਪੰਜ ਸੌ ਰੁਪਏ ਦੇ ਕੇ ਭੇਜਿਆ। ਸ਼ਰਧਹੀਣ ਲੜਕਾ ਗੁਰੂ ਸ਼ਕਤੀ ਤੇ ਗੁਰੂ ਪ੍ਰੇਮ ਤੋਂ ਵਾਂਝਾ ਜਦ ਅਨੰਦਪੁਰ ਸਾਹਿਬ ਹਾਜ਼ਰ ਹੋਇਆ ਤੇ ਮੱਥਾ ਟੇਕ ਕੇ 500 ਰੁਪਏ ਹਾਜ਼ਰ ਕੀਤੇ, ਸਾਹਿਬਾਂ ਪਿਆਰ ਨਾਲ ਕਿਹਾ, "ਤੈਨੂੰ ਗੁਰੂ ਦੀਆਂ ਖੁਸ਼ੀਆਂ"। ਉਹ ਖੁਸ਼ ਹੋਣ ਦੀ ਥਾਂ ਪ੍ਰੇਸ਼ਾਨ ਹੋ ਗਿਆ ਕਿ 500 ਰੁਪਏ ਬਦਲੇ ਗੁਰੂ ਨੇ ਦਿੱਤਾ ਤਾਂ ਕੁਝ ਨਹੀਂ ਕੇਵਲ 'ਗੁਰੂ ਦੀਆਂ ਖੁਸ਼ੀਆਂ' ਕਹਿ ਦਿੱਤਾ ਹੈ। ਇਸੇ ਪ੍ਰੇਸ਼ਾਨ ਅਵਸਥਾ ਵਿਚ ਜਦੋਂ ਵਾਪਸ ਆ ਰਿਹਾ ਸੀ ਰਾਹ ਵਿਚ ਇਕ ਗੁਰਸਿੱਖ ਮਿਲਿਆ ਫਤਹਿ ਬੁਲਾ ਕੇ ਪੁਛਣ ਲੱਗਾ ਕਿਧਰੋਂ ਆਏ ਹੋ? ਜਦ ਉਸ ਅਨੰਦਪੁਰ ਸਾਹਿਬ ਦੀ ਗੱਲ ਕੀਤੀ ਤਾਂ ਗੁਰਸਿੱਖ ਨੇ ਚਰਨ ਪਕੜ ਲਏ। ਕਹਿਣ ਲੱਗਾ ਗੁਰੂ ਦੇ ਦਰਸ਼ਨ ਕਰਕੇ ਆਏ ਹੋ ਬੜੀਆਂ ਮੌਜਾਂ ਹੋਣਗੀਆਂ ਅਨੰਦਪੁਰ ਸਾਹਿਬ। ਪਰ ਸ਼ਰਧਾਹੀਨ ਸਿੱਖ ਬੋਲਿਆ, "ਸੁਆਹ ਮੌਜਾਂ, ਮੈਂ ਤਾਂ 500 ਰੁਪਏ ਬਰਬਾਦ ਕਰ ਆਇਆ ਹਾਂ। ਗੁਰੂ ਸਾਹਿਬ ਕਹਿਣ ਲੱਗੇ, "ਗੁਰੂ ਦੀਆਂ ਖੁਸ਼ੀਆਂ"। ਮੈਂ ਕੀ ਕਰਾਂ ਇਨ੍ਹਾਂ ਖੁਸ਼ੀਆਂ ਨੂੰ?" ਗੁਰਸਿੱਖ ਬੜਾ ਦੁਖੀ ਹੋਇਆ ਤੇ ਸਿੱਖ ਨੂੰ ਘਰ ਲੈ ਗਿਆ ਤੇ ਘਰ ਆ ਕੇ ਆਪਣੀ ਪਤਨੀ ਨੂੰ ਭਰੋਸੇ ਵਿਚ ਲੈ ਕੇ ਕਹਿਣ ਲੱਗਾ, "ਕਿਸੇ ਤਰ੍ਹਾਂ 500 ਰੁਪਏ ਕੱਢ ਸਕੇਂ ਤਾਂ ਬੜਾ ਚੰਗਾ ਹੋਵੇਗਾ, ਇਹ ਸ਼ਰਧਾਹੀਨ ਮਾਇਆਧਾਰੀ ਸਿੱਖ' ਗੁਰੂ ਦੀਆਂ ਖੁਸ਼ੀਆਂ ਸਮਝਦਾ ਹੀ ਨਹੀਂ ਤੇ ਆਪਣੇ ਪੈਸੇ ਦੇ ਬਰਬਾਦ ਹੋ ਜਾਣ ਦੀ ਧੁਨ ਵਿਚ ਲੱਗਾ ਹੋਇਆ ਹੈ। ਜੇ ਅਸੀਂ ਇਸਨੂੰ 500 ਰੁਪਏ ਦੇ ਕੇ ਗੁਰੂ ਦੀਆਂ ਖੁਸ਼ੀਆਂ ਲੈ ਲਈਏ ਤਾਂ ਸਚਮੁਚ ਗੁਰੂ ਦੀ ਰਹਿਮਤ ਹੋਵੇਗੀ। ਲੱਗਦਾ ਹੈ ਪਤੀ ਕੰਵਲਜੀਤ ਵਰਗਾ ਤੇ ਪਤਨੀ ਮਨਜੀਤ ਵਰਗੀ ਹੋਵੇਗੀ। ਉਨ੍ਹਾਂ ਆਪਣੀ ਬਚਤ ਦੀ ਪਰਵਾਹ ਨਾ ਕਰਦਿਆਂ ਗੁਰੂ ਦੀ ਰਹਿਮਤ ਦਾ ਮਾਣ ਕਰਦਿਆਂ ਸਿੱਖ ਨੂੰ ਕਿਹਾ, 'ਜੇ ਤੇਰੇ 500 ਰੁਪਏ ਮਿਲ ਜਾਣ ਤਾਂ'। ਉਸ ਕਿਹਾ "ਮੈਂ ਤਾਂ ਭਾਗਾਂਵਾਲਾ ਹੋ ਜਾਵਾਂਗਾ, ਗੁਆਚਾ ਮਾਲ ਮਿਲ ਜਾਏ ਤਾਂ ਅਨੰਦਤ ਹੋ ਜਾਵਾਂਗਾ।" ਗੁਰਸਿੱਖ ਨੇ ਕਿਹਾ, "ਇਕੋ ਸ਼ਰਤ ਹੈ ਤੈਨੂੰ ਕਹਿਣਾ ਪਵੇਗਾ ਜੋ ਗੁਰੂ ਨੇ ਮੈਨੂੰ ਕਿਹਾ ਸੀ ਮੈਂ ਤੁਹਾਨੂੰ ਕਹਿ ਦੇਂਦਾ ਹਾਂ, 'ਤੁਹਾਨੂੰ ਗੁਰੂ ਦੀਆਂ ਖੁਸ਼ੀਆਂ'। ਗੱਲ ਮੁੱਕ ਗਈ, ਗੁਰਸਿੱਖ ਤੇ ਪਤਨੀ ਖਿੜ ਗਏ ਤੇ ਮਾਇਆਧਾਰੀ ਅੰਨਾ ਬੋਲਾ ਬਾਅਦ ਵਿਚ ਖੁਆਰ ਹੋਇਆ।

ਹੁਣ ਸੰਸਕਾਰਾਂ ਦੀ ਗੱਲ ਸੁਣੋ। ਜੈਪੁਰ ਦੇ ਜੋੜੇ ਦਾ ਬੱਚਾ ਹਰਮਨਪ੍ਰੀਤ ਕਹਿੰਦਾ ਹੈ "ਵੱਡਾ ਹੋ ਕੇ ਇਕ ਹਸਪਤਾਲ ਬਣਾਵਾਂਗਾ।" ਜੇ ਦਿਹਾੜੀ ਕੋਈ ਵੈਨ ਮੰਗ ਲਵੇ ਤਾਂ ਉਹ ਕਹਿੰਦਾ ਹੈ- ਜਾ ਮਾਂ ਤੂੰ ਛੇਤੀ ਕਰ, ਰੋਟੀ ਛੱਡ ਮੈਂ

ਡਬਲਰੋਟੀ ਖਾ ਲਵਾਂਗਾ। ਮਨਜੀਤ ਕਹਿੰਦੀ ਹੈ, 'ਕੋਈ ਐਸਾ ਕੰਮ ਕਰਨਾ ਚਾਹੀਦਾ ਹੈ ਕਿ ਦੁਨੀਆਂ ਯਾਦ ਕਰੇ। ਮੈਂ ਇਨ੍ਹਾਂ ਸਾਦੇ ਜੀਵਨ ਤੇ ਉੱਚੇ ਖਿਆਲਾਂ ਵਾਲੇ ਪਰਿਵਾਰ ਵਿਚ ਵਿਆਹੀ ਆਈ ਸਾਂ ਤਿੰਨਾਂ ਕੱਪੜਿਆਂ ਵਿਚ। ਅਸੀਂ Luxury ਤੇ ਪੈਸਾ ਨਹੀਂ ਖਰਚਦੇ ਪਰ ਮੈਂ ਸਭ ਪਾਸੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ, ਕੋਈ ਕਮੀ ਨਹੀਂ।' ਉਹ ਕੀਤਰਨ ਸਮਾਗਮ ਕਰਦੀ ਹੈ, ਗੁਰਮੁਖੀ ਸਿਖਾਣ ਦੀ ਸੇਵਾ ਕਰਦੀ ਹੈ ਤੇ ਜਦ ਲੋੜ ਪਵੇ ਟ੍ਰੈਫਿਕ ਵਾਰਡਨ ਵੀ ਬਣ ਜਾਂਦੀ ਹੈ। ਨਿੱਕਿਆਂ ਹੁੰਦਿਆਂ ਮੈਂ ਮੁੰਡਿਆਂ ਵਾਂਗ ਕੰਚੇ ਖੇਡਦੀ ਸਾਂ ਜਾਂ ਪਤੰਗ ਉਡਾਂਦੀ ਸਾਂ, ਹਸ ਕੇ ਕਹਿੰਦੀ ਹੈ ਮਨਜੀਤ।

ਕੰਵਲਜੀਤ ਬਿਰਧ ਅਸ਼ਰਮ ਬਣਾਉਣਾ ਚਾਹੁੰਦਾ ਹੈ, 'ਲੋਕ ਆਪਣੇ ਬੁੱਢੇ ਰਿਸ਼ਤੇਦਾਰਾਂ ਨੂੰ ਨਹੀਂ ਸੰਭਾਲਦੇ, ਹੁਣ ਤਾਂ ਨਾਂ ਹੀ ਇਜ਼ਤ ਕਰਦੇ ਹਨ ਉਨ੍ਹਾਂ ਦੀ।' ਉਹ ਕਹਿੰਦਾ ਹੈ। ਇਸ ਅੰਮ੍ਰਿਤਧਾਰੀ ਜੋੜੀ ਤੋਂ ਸਦਕੇ। ਕੰਵਲਜੀਤ ਸੋਚਦਾ ਹੈ ਆਪਣੀ ਇੱਛਾ ਨਾਲ ਨੌਕਰੀ ਤੋਂ ਰਿਟਾਇਰ ਹੋ ਕੇ ਆਸ਼ਰਮ ਬਣਾਵਾਂ, ਨਾਲ ਕਹਿੰਦਾ ਹੈ, 'ਉਥੇ ਇਕ ਵੱਡਾ ਪ੍ਰਾਰਥਨਾ ਹਾਲ ਹੋਵੇਗਾ ਜਿੱਥੇ ਸਾਰੇ ਧਰਮਾਂ ਦੇ ਲੋਕ ਪ੍ਰਾਰਥਨਾ ਕਰਿਆ ਕਰਨਗੇ।' ਇਹ ਹੈ ਉਸਦੀ ਪ੍ਰਤਿਗਿਆ। ਕਾਸ਼ ਦੁਨੀਆਂ ਦੇ ਹਰ ਵੱਡੇ ਸ਼ਹਿਰ ਵਿਚ ਇਹੋ ਜਿਹਾ ਖਾਲਸਾ ਹੁੰਦਾ ਤਾਂ ਸਾਰੀ ਦੁਨੀਆਂ ਖਾਲਸਤਾਨ ਬਣ ਜਾਂਦੀ।

ਗੁਰਸਿੱਖੀ ਦੀਆਂ ਇਹੋ ਨਿਸ਼ਾਨੀਆਂ ਹਨ- ਦਸਵੰਦ, ਸੇਵਾ, ਸਿਮਰਨ, ਸਾਂਝੀਵਾਲਤਾ ਤੇ ਮੈਨੂੰ ਲਗਦਾ ਹੈ ਇਹ ਜੋੜੀ *'ਅੰਮ੍ਰਿਤ ਵੇਲੇ ਸਚ ਨਾਉ ਵਡਿਆਈ ਵੀਚਾਰ'* ਵੀ ਜ਼ਰੂਰ ਕਰਦੀ ਹੋਵੇਗੀ।

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002



# ਕੀਰਤਨੁ ਨਿਰਮੋਲਕ ਹੀਰਾ

## ਸੁਰਜੀਤ ਕੌਰ ਬਿੰਦਰਾ

48, ਇੰਦਰਾਪੁਰੀ ਕਲੋਨੀ, ਸਰਹਿੰਦ ਰੋਡ, ਪਟਿਆਲਾ 147 004

ਸਿੱਖ ਧਰਮ ਵਿੱਚ ਕੀਰਤਨ ਦਾ ਪ੍ਰਮੁੱਖ ਸਥਾਨ ਹੈ। ਇਸੇ ਲਈ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਕੀਰਤਨ ਨੂੰ ਨਿਰਮੋਲਕ ਹੀਰਾ ਅਤੇ ਸ੍ਰੇਸ਼ਟ ਗੁਣਾਂ ਦਾ ਖਜ਼ਾਨਾ ਦੱਸਦੇ ਹਨ:

*ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥* (ਪੰਨਾ ੮੯੩)

ਕੀਰਤਨ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ 'ਕੀਰਤੀ ਹੈ ਜਿਸ ਦੇ ਅਰਥ ਹਨ-ਜੱਸ, ਵਡਿਆਈ, ਨੇਕਨਾਮੀ ਅਤੇ ਕੀਰਤਨ ਦੇ ਅਰਥ ਹਨ- ਕਥਨ ਜਾਂ ਵਿਆਖਿਆਨ ਪ੍ਰੰਤੂ ਗੁਰਮਤਿ ਵਿੱਚ ਸੁਰ ਲੈਅ ਅਤੇ ਤਾਲ ਨਾਲ ਰਾਗਾਂ ਵਿੱਚ ਗੁਰਬਾਣੀ ਗਾਇਨ ਕਰਨ ਦਾ ਨਾਮ ਕੀਰਤਨ ਹੈ। ਕੀਰਤਨ ਉਸ ਗਾਇਨ ਨੂੰ ਕਹਿੰਦੇ ਹਨ ਜਿਸ ਰਾਹੀਂ ਅਕਾਲ ਪੁਰਖ ਦੀ ਕੀਰਤੀ ਕੀਤੀ ਜਾਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਕੀਰਤਨ ਦੇ ਆਸ਼ਕ ਸਨ। ਉਹ ਇੱਕ ਉੱਚ ਕੋਟੀ ਦੇ ਸੰਗੀਤਕਾਰ ਸਨ ਅਤੇ ਸੱਤੇ ਬਲਵੰਡ ਦੇ ਰੁੱਸ ਕੇ ਟੁਰ ਜਾਣ ਉੱਤੇ ਆਪ ਖੁਦ ਕੀਰਤਨ ਕਰਿਆ ਕਰਦੇ ਸਨ। ਉਨ੍ਹਾਂ ਅਨੁਸਾਰ ਕੀਰਤਨ ਇੱਕ ਇਕਾਗਰ ਕਰਨ ਵਿੱਚ ਬੜੀ ਸਹਾਇਤਾ ਕਰਦੀ ਹੈ। ਕੀਰਤਨ ਦਾ ਪ੍ਰਭਾਵ ਬਹੁਤ ਵਿਸ਼ਾਲ ਤੇ ਗੰਭੀਰ ਹੈ। ਜਿਸ ਨਾਲ ਵਾਤਾਵਰਣ ਇਕਦਮ ਬਦਲ ਜਾਂਦਾ ਹੈ। ਦੁੱਖ ਕਲੇਸ਼ ਮਿੱਟ ਜਾਂਦੇ ਹਨ। ਪਾਪਾਂ ਦੀ ਮੈਲ ਕੱਟ ਜਾਂਦੀ ਹੈ, ਲੋਕ ਪ੍ਰਲੋਕ ਸਫਲ ਹੋ ਜਾਂਦੇ ਹਨ। ਕੀਰਤਨ ਦੇ ਇਸ ਮਹੱਤਵ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਨੇ ਇਸ ਨੂੰ ਦੁਰਮਤਿ ਨਾਸ਼ਕ ਤੇ ਸਗਲ ਮਨੋਰਥ ਭਾਵ ਸਾਰੇ ਕਾਰਜ ਪੂਰੇ ਕਰਨ ਵਾਲਾ ਦੱਸਿਆ ਹੈ। ਗੁਰੂ ਜੀ ਦਾ ਫੁਰਮਾਨ ਹੈ:

*ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥* (ਪੰਨਾ ੧੩੦੦)

ਜਿਤਨੀ ਮਹਾਨਤਾ ਸਿੱਖ ਧਰਮ ਵਿੱਚ ਕੀਰਤਨ ਨੂੰ ਪ੍ਰਦਾਨ ਕੀਤੀ ਗਈ ਹੈ ਉਹ ਦੂਜੇ ਧਰਮਾਂ ਦੇ ਮੁਕਾਬਲੇ ਲਾਸਾਨੀ ਹੈ। ਗੁਰਬਾਣੀ ਵਿੱਚ ਅਨੇਕਾਂ ਗੁਰਵਾਕ ਆਉਂਦੇ ਹਨ। ਜਿਨ੍ਹਾਂ ਵਿੱਚ ਕੀਰਤਨ ਨੂੰ ਆਤਮਿਕ ਉਸਾਰੀ ਲਈ ਸਰਵੋਤਮ ਮਾਰਗ ਪ੍ਰਵਾਨ ਕੀਤਾ ਗਿਆ ਹੈ। ਇਸ ਪ੍ਰਸੰਗ ਵਿੱਚ ਸੋਰਠਿ ਰਾਗ ਦੇ ਸ਼ਬਦ ਵਿੱਚ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਕਿ ਧਰਮ ਗ੍ਰੰਥਾਂ ਦਾ ਪਾਠ ਕਰਨ ਤੇ ਵਿਚਾਰਨ ਨਾਲ, ਨਿਵਲ ਭੂਅੰਗਮ ਸਾਧਨ ਨਾਲ ਵਿਕਾਰਾਂ ਤੋਂ ਛੁਟਕਾਰਾ ਤਾਂ ਕੀ ਹੋਣਾ ਸੀ, ਸਗੋਂ ਜੀਵ ਉਲਟਾ ਹਉਮੈ ਹੰਕਾਰ ਦੇ ਚੱਕਰ ਵਿੱਚ ਫਸ ਜਾਂਦਾ ਹੈ। ਮੋਨੀ ਤੇ ਕਰਾਮਾਤੀ ਹੋ ਕੇ, ਨਾਗੇ ਤੋਂ ਬਨਗਾਹੇ ਤੇ ਤੀਰਥਾਂ ਦੇ ਕਿਨਾਰਿਆਂ ਤੇ ਵਿਰਿਆਂ ਵੀ ਦੁਬਿੱਧਾ ਦੂਰ ਨਹੀਂ ਹੁੰਦੀ ਤੀਰਥਾਂ ਤੇ ਜਾ ਕੇ ਸਿਰ ਉੱਤੋਂ ਆਰਾ ਧਰਾਉਣ ਨਾਲ ਤੋਂ ਲੱਖ ਯਤਨ ਕੀਤਿਆਂ ਵੀ ਮਨ ਦੀ ਮੈਲ ਨਹੀਂ ਉਤਰਦੀ। ਘੋੜੇ, ਹਾਥੀ, ਬਸਤਰ ਤੇ ਧਰਤੀ ਤੱਕ ਦਾਨ ਦਿੱਤਿਆਂ ਵੀ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ। ਅੰਤ ਵਿਚ ਲਿਖਦੇ ਹਨ ਕਿ ਪ੍ਰਭੂ ਪ੍ਰਾਪਤੀ ਦਾ ਇਕੋ-ਇਕ ਵਸੀਲਾ ਸਾਧ-ਸੰਗਤ ਵਿੱਚ ਕੀਤਾ ਹੋਇਆ ਕੀਰਤਨ ਹੀ ਸਭ ਕਰਮਾਂ ਦੇ ਸਿਰਮੌਰ ਕਰਮ ਹੈ।

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨਾ ਛੁਟਕਿਓ ਅਧਿਕ ਅਹੰਬੁਧਿ ਬਾਧੇ॥* (ਪੰਨਾ ੬੪੧)
*ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥* (ਪੰਨਾ ੬੪੨)

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਕੀਰਤਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਨਾਲੋਂ ਵਿਛੜਿਆ ਹੋਇਆ ਜੀਵ ਆਵਾਗਵਨ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਜੇਕਰ ਜੀਵ ਜਨਮ ਮਰਨ ਦੇ ਇਸ ਚੱਕਰ ਵਿਚੋਂ ਨਿਕਲਣਾ ਚਾਹੁੰਦਾ ਹੈ ਤਾਂ ਇਸ ਦਾ ਵਸੀਲਾ ਦਿਨ ਰਾਤ ਹਰੀ ਜਸ (ਕੀਰਤਨ) ਕਰਨਾ ਹੀ ਹੈ:

ਹਰਿ ਦਿਨੁ ਰੈਨਿ ਕੀਰਤਨੁ ਗਾਈਐ॥

*ਬਹੁੜਿ ਨ ਜੋਨੀ ਪਾਈਐ॥* (ਪੰਨਾ ੬੨੩)

ਸੰਸਾਰ ਦੀ ਹਰ ਵਸਤੂ ਨਾਸ਼ਵਾਨ ਹੈ। ਕੋਈ ਵੀ ਚੀਜ਼ ਅਜਿਹੀ ਨਹੀਂ ਜਿਹੜੀ ਸਥਿਰ ਅਤੇ ਸਦੀਵੀ ਹੋਵੇ। ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਸੰਸਾਰ ਨਿਹਚਲ ਰਹਿਣ ਵਾਲੀਆਂ ਵਸਤਾਂ ਦਾ ਜ਼ਿਕਰ ਕਰਦੇ ਹਨ ਤਾਂ ਉਨ੍ਹਾਂ ਵਿੱਚ ਕੀਰਤਨ ਨੂੰ ਵੀ ਸਦੀਵੀ ਰਹਿਣ ਵਾਲੀ ਵਸਤੂ ਦੱਸਦੇ ਹਨ:

*ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ॥*
*ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ॥*
*ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ॥* (ਪੰਨਾ ੧੧੦੧)

ਇਸ ਕਰਕੇ ਜੇਕਰ ਕੋਈ ਪ੍ਰਮਾਤਮਾ ਕੋਲੋਂ ਵਸਤੂ ਦੀ ਮੰਗ ਕਰਨੀ ਹੀ ਹੈ ਤਾਂ ਪ੍ਰਭੂ ਕੀਰਤੀ, ਹਰੀ ਜਸ ਦੀ ਹੀ ਕਰਨੀ ਚਾਹੀਦੀ ਹੈ। ਕਿਉਂਕਿ ਹਰੀ ਜਸ ਮੰਗਣਾ ਹੀ ਜੀਵ ਲਈ ਲਾਹੇਵੰਦ ਹੈ:

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥* (ਪੰਨਾ ੧੦੧੮)

ਪੰਚਮ ਪਾਤਸ਼ਾਹ ਦੱਸਦੇ ਹਨ ਕਿ ਕੀਰਤਨ ਸਰਬੰਗੀ ਭਗਤੀ ਹੈ। ਇਸ ਵਿੱਚ ਹਰ ਤਰ੍ਹਾਂ ਦੀ ਭਗਤੀ ਸ਼ਾਮਲ ਹੈ। ਕੀਰਤਨ ਕਰਨਾ, ਸ੍ਰਵਣ ਕਰਨਾ, ਪਾਵਨ ਕਾਰਜ ਹੈ ਤੇ ਜਿਸ ਥਾਂ ਤੇ ਕੀਰਤਨ ਹੁੰਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ। ਗੁਰੂ ਵਾਕ ਹੈ:

*ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥* (ਪੰਨਾ ੩੮੫)

ਸ੍ਰੀ ਗੁਰੂ ਅਰਜਨ ਦੇਵ ਜੀ ਕੀਰਤਨ ਨੂੰ ਕਿਤਨਾ ਉੱਚਾ ਦਰਜਾ ਦਿੰਦੇ ਹਨ। ਇਸ ਗੱਲ ਦਾ ਪਤਾ ਇੱਥੋਂ ਲੱਗਦਾ ਹੈ ਕਿ ਆਪ ਆਪਣੇ ਪ੍ਰੀਤਮ ਦੀ ਮਿਲਣ ਸਿੱਕ ਵਿੱਚ ਅਰਦਾਸ ਕਰਦੇ ਹੋਏ ਕੀਰਤਨ ਦਾ ਦਾਨ ਵੀ ਮੰਗਦੇ ਹਨ:

*ਇਕੁ ਜਾਚਿਕੁ ਮੰਗੈ ਦਾਨੁ ਦੁਆਰੈ॥*
*ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ॥*
*ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ*
*ਹਰਿ ਕੀਰਤਨਿ ਮਨੁ ਠਹਰਾਇਦਾ॥* (ਪੰਨਾ ੧੦੨੭੬)

ਕੀਰਤਨ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦੇ ਮਨ ਨੂੰ ਸੁੱਤੀ ਹੋਈ ਦਸ਼ਾ ਵਿੱਚੋਂ ਕੱਢ ਕੇ ਜਾਗਰੂਕਤਾ ਦੀ ਅਵੱਸਥਾ ਵਿੱਚ ਲਿਆਉਣ ਦੀ ਗੱਲ, ਕਈ ਥਾਵਾਂ ਤੇ ਕਹੀ ਹੈ ਅਤੇ ਨਾਲ ਹੀ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਮਨੁੱਖ ਨੂੰ ਅਜਿਹੇ ਕਰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਨੂੰ ਕਰਦਿਆਂ ਮਨੁੱਖ ਨੂੰ ਮੈਲ ਨਾ ਲੱਗੇ ਅਤੇ ਮਨ ਸਦਾ ਹਰੀ ਦੇ ਕੀਰਤਨ ਵਿੱਚ ਜਾਗਦਾ ਰਹੇ। ਗੁਰੂ ਫੁਰਮਾਨ ਹੈ:

*ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥*
*ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥* (ਪੰਨਾ ੧੯੯)

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੀਆਂ ਨਜ਼ਰਾਂ ਵਿੱਚ 'ਕੀਰਤਨ'ਮਨੁੱਖ ਦੀਆਂ ਮੁੱਢਲੀਆਂ ਲੋੜਾਂ ਵਿੱਚੋਂ ਇਕ ਹੈ। ਉਨ੍ਹਾਂ ਦੇ ਵਿਚਾਰ ਵਿੱਚ ਮਨ ਨੂੰ ਵੱਸ ਕਰਨ ਤੇ ਸਹਿਜ ਅਵੱਸਥਾ ਪ੍ਰਾਪਤ ਕਰਨ ਵਾਸਤੇ ਕੀਰਤਨ ਤੋਂ ਵਧੀਆ ਹੋਰ ਕੋਈ ਢੰਗ ਨਹੀਂ। ਜਿਸ ਅਸਥਾਨ ਤੇ ਕੀਰਤਨ ਹੁੰਦਾ ਹੈ, ਗੁਰੂ ਮਹਾਰਾਜ ਨੇ ਉਸ ਅਸਥਾਨ ਨੂੰ ਉੱਤਮ ਕਿਹਾ ਹੈ।

*ਜੋ ਜਨੁ ਕਰੈ ਕੀਰਤਨੁ ਗੋਪਾਲ॥*
*ਤਿਸ ਕਉ ਪੋਹਿ ਨ ਸਕੈ ਜਮਕਾਲੁ॥* (ਪੰਨਾ ੮੬੭)

ਅੰਤ ਵਿੱਚ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕੀਰਤਨ ਦਾ ਪ੍ਰਭਾਵ ਬਹੁਤ ਵਿਸ਼ਾਲ ਤੇ ਗੰਭੀਰ ਹੈ। ਇਸ ਨਾਲ ਵਾਤਾਵਰਣ ਵਿੱਚ ਇਕਦਮ ਤਬਦੀਲੀ ਆ ਜਾਂਦੀ ਹੈ। ਜਗਿਆਸੂ ਜੀਵ ਦਾ ਸੁੱਤਾ ਮਨ ਜਾਗ ਪੈਂਦਾ ਹੈ। ਇਸ ਕਰਕੇ ਹੀ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਗੁਰਬਾਣੀ ਨੂੰ ਗਾਉਣ, ਭਾਵ ਕੀਰਤਨ ਕਰਨ ਦੀ ਤਾਕੀਦ ਕੀਤੀ ਹੈ। ਕੀਰਤਨ ਬੁੱਝੇ ਮਨ ਨੂੰ ਟੁੰਬ ਦਿੰਦਾ ਹੈ, ਉਸ ਅੰਦਰ ਅਧਿਆਤਮਿਕ ਕੰਬਣੀ ਛੇੜ ਦਿੰਦਾ ਹੈ।

*ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥* (ਪੰਨਾ ੬੨੮)

# ਸਾਡਾ ਵਿਰਸਾ


## ਪ੍ਰੋ. ਨਰਿੰਦਰ ਸਿੰਘ

956, 3ਬੀ-2, ਮੁਹਾਲੀ


**ਗੁਰਬਾਣੀ ਵਿਚ ਆਏ ਸਿਰਲੇਖਾਂ ਦੀ ਤਰਤੀਬ ਦਾ ਸ਼ੁਧ ਉਚਾਰਨ:** ਆਮ ਦੇਖਣ ਵਿਚ ਆਉਂਦਾ ਹੈ ਕਿ ਗੁਰਬਾਣੀ ਦੇ ਸ਼ਬਦਾਂ ਦੇ ਸਿਰਲੇਖ ਦਾ ਉਚਾਰਨ, ਅਨਭੋਲ ਹੀ, ਕੁਝ ਬੇਤਰਤੀਬਾ ਜਿਹਾ ਉਚਾਰ ਜਾਈਦਾ ਹੈ। ਸ਼ਬਦਾਂ ਅਥਵਾ ਬਾਣੀਆਂ ਆਦਿ ਦੇ ਆਰੰਭ ਵਿਚ ਪਹਿਲਾਂ ਇਨ੍ਹਾਂ ਦਾ ਇਕ ਸਿਰਲੇਖ ਹੁੰਦਾ ਹੈ ਜੋ ਕਿ ਸ਼ਬਦ ਦੇ ਪਾਠ ਤੋਂ ਪਹਿਲਾਂ ਉਚਾਰੀਦਾ ਹੈ ਤੇ ਫੇਰ ਥੋੜਾ ਜਿਹਾ ਬਿਸਰਾਮ ਦੇ ਕੇ ਅਗੇ ਸ਼ਬਦ ਦੇ ਪਾਠ ਨੂੰ ਆਰੰਭ ਕਰਨਾ ਉਚਿਤ ਹੁੰਦਾ ਹੈ।

ਸੁਖਮਨੀ ਸਾਹਿਬ ਦਾ ਪਾਠ ਕਰਦਿਆਂ, ਆਸਾ ਦੀ ਵਾਰ ਦਾ ਕੀਰਤਨ ਕਰਦਿਆਂ, ਨਿਤਨੇਮ ਦੀਆਂ ਬਾਣੀਆਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਸਾਥੋਂ ਇਕ ਆਮ ਭੁਲ ਹੋ ਜਾਂਦੀ ਹੈ। ਸ਼ਬਦਾਂ ਉਪਰ ਆਏ ਸਿਰਲੇਖ ਦਾ ਉਚਾਰਨ ਬੇਤਰਤੀਬਾ ਹੋ ਜਾਂਦਾ ਹੈ। ਬਾਣੀ ਪੜ੍ਹਦਿਆਂ ਜੋ ਸ਼ਬਦ ਉਚਾਰਨ ਕਰ ਰਹੇ ਹੁੰਦੇ ਹਾਂ ਉਸ ਦੇ ਸਿਰਲੇਖ ਦਾ ਪਾਠ (ਉਚਾਰ) ਉਸ ਸ਼ਬਦ ਦੇ ਆਰੰਭ ਵਿਚ ਨਹੀਂ ਕਰਦੇ ਬਲਕਿ ਇਸ ਸ਼ਬਦ ਦੇ ਹੀ ਪਹਿਲੋਂ ਆਏ ਸ਼ਬਦ ਦੀ ਅਖੀਰਲੀ ਤੁਕ ਨਾਲ ਜੋੜ ਕੇ ਪੜ੍ਹ ਜਾਂਦੇ ਹਾਂ। ਅੱਜਕੱਲ੍ਹ ਵੀ ਸੁਖਮਨੀ ਸਾਹਿਬ ਦੇ ਪਾਠ ਸੰਗਤੀ ਰੂਪ ਵਿਚ ਬਹੁਤ ਪ੍ਰਚਲਤ ਹਨ, ਸੋ ਇਸ ਗਲ ਨੂੰ ਸੌਖਾ ਸਮਝਣ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਉਦਾਰਹਨ ਲੈਂਦੇ ਹਾਂ। ਜਦੋਂ ਕਿਸੇ ਅਸਟਪਦੀ ਦੀ ਅਖੀਰਲੀ ਤੁਕ ਪੜਦੇ ਹਾਂ ਤਾਂ ਅਨਭੋਲ ਹੀ (ਆਪਣੇ ਬਣੇ ਸੁਭਾਅ ਅਨੁਸਾਰ) ਅਗੇ ਆ ਰਹੀ ਬਾਣੀ ਦਾ ਸਿਰਲੇਖ, ਜੋ 'ਸਲੋਕ' ਹੁੰਦਾ ਹੈ ਉਚਾਰ ਜਾਈਦਾ ਹੈ ਅਤੇ ਸਲੋਕ ਵਾਲੀ ਬਾਣੀ ਦਾ ਪਾਠ ਸਮਾਪਤ ਕਰਦੇ ਸਾਰ ਅਗਲੀ ਆਉਣ ਵਾਲੀ ਬਾਣੀ ਦਾ ਸਿਰਲੇਖ ਜੋ 'ਅਸਟਪਦੀ' ਹੈ ਉਚਾਰ ਜਾਈਦਾ ਹੈ। ਵਧੇਰੇ ਸਪਸ਼ਟਤਾ ਲਈ ਚੌਥੀ ਤੇ ਪੰਜਵੀਂ ਅਸ਼ਟਪਦੀ ਦੇ ਪਾਠ ਨੂੰ ਲੈਂਦੇ ਹਾਂ। ਚੌਥੀ ਅਸ਼ਟਪਦੀ ਦੇ ਅਖੀਰਲੇ ਪਦ "ਤੂ ਠਾਕੁਰ ਤੁਮ ਪਹਿ ਅਰਦਾਸਿ" ਦੀ ਆਖਰੀ ਤੁਕ "ਨਾਨਕ ਦਾਸ ਸਦਾ ਕੁਰਬਾਨੀ" ਪਰ ਅਸੀਂ ਬਹੁਤੀ ਵਾਰੀ ਇਸ ਦਾ ਪਾਠ ਗਲਤੀ ਨਾਲ ਇੰਜ ਕਰ ਜਾਂਦੇ ਕਰਦਾ ਹਾਂ: "ਨਾਨਕ ਦਾਸ ਸਦਾ ਕੁਰਬਾਨੀ ਸਲੋਕ" ਇਹ 'ਸਲੋਕ' ਅਖਰ ਤਾਂ ਅੱਗੇ ਆਉਣ ਵਾਲੀ ਬਾਣੀ "ਦੇਣਹਾਰ ਪ੍ਰਭ ਛੋਡ ਕੇ ਲਾਗੇ ਆਨ ਸੁਆਇ॥" ਦਾ ਸਿਰਲੇਖ ਹੁੰਦਾ ਹੈ। ਪੜ੍ਹਨ ਵਾਲਿਆਂ ਨੇ ਇਹ "ਸਲੋਕ" ਪਿਛਲੀ ਚੌਥੀ ਅਸ਼ਟਪਦੀ ਦੀ ਸਮਾਪਤੀ ਦਾ ਅੰਗ ਬਣਾ ਕੇ ਹੀ ਉਚਾਰਨ ਕਰ ਦਿੱਤਾ ਹੁੰਦਾ ਹੈ। ਇਹ 'ਸਲੋਕ' ਸ਼ਬਦ ਤਾਂ ਅੱਗੇ ਆ ਰਹੀ:

*ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥*

ਦਾ ਸਿਰਲੇਖ ਸੀ (ਜੋ ਕਿ ਪੰਜਵੀਂ ਅਸ਼ਟਪਦੀ ਦਾ ਆਰੰਭ ਸਲੋਕ ਹੈ) ਪਰ ਪਾਠ ਕਰਨ ਵਾਲਿਆਂ ਨੇ ਇਸ 'ਸਲੋਕ' ਅੱਖਰ ਨੂੰ ਚੌਥੀ ਅਸ਼ਟਪਦੀ ਦੀ ਅਖੀਰਲੀ ਤੁਕ "ਨਾਨਕ ਦਾਸ ਸਦਾ ਕੁਰਬਾਨੀ" ਦਾ ਅੰਗ ਬਣਾ ਕੇ ਹੀ ਪੜ੍ਹ ਦਿੱਤਾ ਹੁੰਦਾ ਹੈ। ਸੋ ਪਾਠ ਕਰਨ ਦਾ ਠੀਕ ਢੰਗ ਇਹ ਹੈ ਕਿ ਜਦੋਂ ਚੌਥੀ ਅਸ਼ਟਪਦੀ ਦਾ "ਨਾਨਕ ਦਾਸ ਸਦਾ ਕੁਰਬਾਨੀ" ਪੜ੍ਹ ਲਈਏ ਤਾਂ ਥੋੜਾ ਬਿਸਰਾਮ ਦੇ ਕੇ ਅਗਲੀ ਅਸ਼ਟਪਦੀ ਦੇ ਸਲੋਕ ਦਾ ਉਚਾਰਨ ਇਸ ਦੇ ਸਿਰਲੇਖ ਸਹਿਤ ਕਰੀਏ। ਹੋਰ ਦੇਖੋ ਜੋ ਅਗੇ ਹੋਰ ਪ੍ਰਚਲਤ-ਭੁੱਲ ਅਜਕਲ੍ਹ ਅਸੀਂ ਕਰਦੇ ਹਾਂ। ਜਦੋਂ ਪੰਜਵੀਂ ਅਸ਼ਟਪਦੀ ਦੇ 'ਸਲੋਕ'

*ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥ ਨਾਨਕ ਕਹੂ ਨ ਸੀਝਈ ਬਿਨੁ ਨਾਵੇ ਪਤਿ ਜਾਇ॥*

ਦੇ ਪਾਠ ਦਾ ਉਚਾਰਨ ਕਰਦੇ ਹਾਂ ਤਾਂ ਬਗੈਰ ਰੁਕੇ ਜਾਂ ਬਸਰਾਮ ਦਿੱਤੇ ਪੜ੍ਹ ਜਾਂਦੇ ਹਾਂ "ਬਿਨੇ ਨਾਵੈ ਪਤਿ ਜਾਇ ਅਸਟਪਦੀ" 'ਅਸਟਪਦੀ' ਅੱਖਰ ਤਾਂ ਅੱਗੇ ਆ ਰਹੀ ਬਾਣੀ "ਦਸ ਬਸਤੂ ਲੇ ਪਾਛੈ ਪਾਵੈ॥ ...॥" ਵਾਲੀ ਬਾਣੀ ਦਾ ਸਿਰਲੇਖ ਹੈ ਪ੍ਰੰਤੂ ਗਲਤੀ ਨਾਲ ਇਸ ਅੱਖਰ ਨੂੰ:

*ਨਾਨਕ ਕਹੂੰ ਨ ਸੀਝਈ ਬਿਨ ਨਾਵੈ ਪਤਿ ਜਾਇ॥*

ਦਾ ਅਨਿੱਖੜਵਾਂ ਅੰਗ ਬਣਾ ਕੇ ਹੀ ਉਚਾਰਨ ਕਰ ਦਿੱਤਾ ਹੁੰਦਾ ਹੈ। ਇੰਜ ਪੰਜਵੀਂ ਅਸਟਪਦੀ ਦੀ ਆਰੰਭਤਾ ਦਾ ਸਿਰਲੇਖ ਭੀ ਆਪਣੇ ਅਸਲੀ ਟਿਕਾਣੇ ਤੋਂ ਹਿਲਾ ਕੇ ਪਹਿਲਾਂ ਹੀ ਅਲੋਪ ਕਰ ਜਾਂਦੇ ਹਾਂ। ਸ੍ਰੀ ਸੁਖਮਨੀ ਸਾਹਿਬ

ਦਾ ਪਾਠ ਅੱਜ ਕੱਲ੍ਹ ਸੰਗਤੀ ਰੂਪ ਵਿਚ ਬਹੁਤ ਪ੍ਰਚਲਤ (ਸ਼ਾਇਦ ਹਮੇਸ਼ਾ ਰਿਹਾ) ਹੈ। ਸੁਭਾਅ ਇਹ ਬਣੀ ਜਾ ਰਿਹਾ ਹੈ ਕਿ ਹਰ ਅਸ਼ਟਪਦੀ ਦੀ ਸਮਾਪਤੀ ਦੀ ਤੁਕ ਨਾਲ 'ਸਲੋਕ' ਦਾ ਅੱਖਰ ਇੰਜ ਜੋੜ ਕੇ ਪੜ੍ਹਨਾ ਹੀ ਹੈ ਜਿਵੇਂ ਕਿ ਇਹ ਸਮਾਪਤੀ ਵਾਲੀ ਅਸ਼ਟਪਦੀ ਦਾ ਅੰਗ ਹੀ ਹੈ। ਅੱਗੋਂ ਆਉਣ ਵਾਲੇ 'ਸਲੋਕ' ਵਾਲੀ ਬਾਣੀ ਸਿਰਲੇਖ ਰਹਿਤ ਤੋਂ ਦਿਸਦੀ ਹੈ। ਫਿਰ ਇਹ 'ਸਲੋਕ' ਦੇ ਉਚਾਰਨ ਦੀ ਸਮਾਪਤੀ ਨਾਲ 'ਅਸ਼ਟਪਦੀ' ਅੱਖਰ ਅੱਜ ਤਰ੍ਹਾਂ ਪੜ੍ਹ ਜਾਂਦੇ ਹਾਂ ਜਿਵੇਂ ਕਿ ਇਹ ਅੱਖਰ ਪੜ੍ਹੇ ਜਾ ਰਹੇ 'ਸਲੋਕ' ਦੀ ਅਖੀਰਲੀ ਤੁਕ ਦਾ ਅਨਿੱਖੜਵਾਂ ਅੰਗ ਹੀ ਹੁੰਦਾ ਹੈ ਅਤੇ ਅੱਗੇ ਆਉਣ ਵਾਲੀ ਅਸਟਪਦੀ ਦੀ ਬਾਣੀ ਬਗੈਰ ਕਿਸੇ ਸਿਰਲੇਖ ਤੋਂ ਪਰਗਟ ਹੁੰਦੀ ਹੈ।

ਇਵੇਂ ਆਸਾ ਦੀ ਵਾਰ ਦੇ ਕੀਰਤਨੀਆਂ ਤੋਂ ਐਸੀਆਂ ਭੁੱਲਾਂ ਅਨਭੋਲ ਹੁੰਦੀਆਂ ਦੇਖਣ ਵਿੱਚ ਆਉਂਦੀਆਂ ਹਨ। ਆਸਾ ਦੀ ਵਾਰ ਵਿਚ 24 ਪਉੜੀਆਂ ਹਨ। ਹਰ ਪਉੜੀ ਦੇ ਗਾਉਣ ਤੋਂ ਪਹਿਲਾਂ ਕੁਝ ਮਹਲੇ ਪਹਿਲੇ ਤੇ ਥੋੜੇ ਮਹਲਾ ਦੂਜੇ ਦੇ ਸਲੋਕ ਭੀ ਲਿਖੇ ਹਨ। ਪਉੜੀ ਨੂੰ ਕਿਸੇ ਤਾਲ ਵਿਚ ਗਾ ਕੇ ਉਚਾਰਨ ਤੋਂ ਪਹਿਲਾਂ ਇਨ੍ਹਾਂ ਸਲੋਕਾਂ ਨੂੰ ਅਲਾਪ ਵਿੱਚ ਗਾ ਕੇ ਪੜ੍ਹਿਆ ਜਾਂਦਾ ਹੈ। ਹਰ ਪਉੜੀ ਦੀ ਆਰੰਭਤਾ ਦਾ ਸਿਰਲੇਖ ਸਲੋਕ ਮਹਲਾ ੧ ਕਰਕੇ ਆਰੰਭ ਹੁੰਦਾ ਹੈ (ਸਿਵਾਏ 21, 22 ਤੇ 23 ਵੀਂ ਪਉੜੀ ਦੇ ਸਲੋਕਾਂ ਤੋਂ) ਇਸ ਆਰੰਭਤਾ ਦੇ ਸਲੋਕ ਮਹਲਾ ੧ ਤੋਂ ਬਾਅਦ ਆਏ ਸਲੋਕਾਂ ਦਾ ਸਿਰਲੇਖ ਕੇਵਲ ਮਹਲਾ ਪਹਿਲਾ ਜਾਂ ਮਹਲਾ ਦੂਜਾ ਕਰਕੇ ਆਉਂਦਾ ਹੈ। ਆਸਾ ਦੀ ਵਾਰ 'ਚ ਕੀਰਤਨੀਏ ਜਥੇ 'ਪਉੜੀ' ਦੇ ਸਿਰਲੇਖ ਤੋਂ ਪਹਿਲਾਂ ਆਏ ਸਲੋਕ ਬਹੁਤੀ ਕਰਕੇ ਵਾਰੀ ਵਾਰੀ ਸਿਰ ਅਲਾਪਦੇ ਹਨ। ਸੁਭਾਅ ਵਸ ਹੋ ਕੇ ਕਈ ਰਾਗੀਆਂ ਪਾਸੋਂ ਭੁੱਲ ਇਹ ਹੋ ਜਾਂਦੀ ਹੈ ਕਿ ਜਦੋਂ ਕੋਈ ਜਣਾ ਕਿਸੇ ਸਲੋਕ (ਅਥਵਾ ਮਹਲੇ) ਦੀ ਕੋਈ ਸਮਾਪਤੀ ਦੀ ਤੁਕ ਪੜਦਾ ਹੈ ਤਾਂ ਉਹ ਅਨਭੋਲ ਹੀ ਅੱਗੇ ਆਉਣ ਵਾਲੇ ਮਹਲੇ ਦੇ ਸਿਰਲੇਖ ਨੂੰ ਭੀ ਇਉਂ ਉਚਾਰਨ ਕਰ ਜਾਂਦਾ ਹੈ ਜਿਵੇਂ ਕਿ ਉਸ ਦੇ ਅਲਾਪੇ ਜਾ ਰਹੇ ਸਲੋਕ ਦਾ ਹੀ ਹੈ ਅਤੇ ਅੱਗੇ ਅਖੀਰਲਾ ਅੱਖਰ ਬਾਣੀ ਦਾ ਉਚਾਰਨ ਸਿਰਲੇਖ ਦੀ ਆਰੰਭਤਾ ਤੋਂ ਬਗੈਰ ਹੋਇਆ ਦਿਸਦਾ ਹੈ।

ਉਦਾਹਰਨ ਵਜੋਂ ਬਾਰ੍ਹਵੀਂ ਪਉੜੀ ਵਿਚ ਆਏ ਸਲੋਕਾਂ ਦਾ ਵੇਰਵਾ ਲੈਂਦੇ ਹਾਂ। ਇਸ ਵਿੱਚ ਆਰੰਭਤਾ ਦੇ ਸਲੋਕ ਦਾ ਸਿਰਲੇਖ 'ਸਲੋਕ ਮਹਲਾ ੧' ਹੈ ਅਤੇ ਇਸ ਦੀ ਪਹਿਲੀ ਤੁਕ ਹੈ:

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥* ਅਤੇ ਸਮਾਪਤੀ ਦੀ ਤੁਕ ਹੈ:

*ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥* ਅੱਗੇ ਆ ਰਹੇ:

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਾ॥*

ਵਾਲੇ ਸਲੋਕ ਦਾ ਸਿਰਲੇਖ ਹੈ ਮਹਲਾ 2, ਪਰ ਜੇ ਇਸ 'ਮਹਲਾ 2' ਦੇ ਸਿਰਲੇਖ ਨੂੰ ਪਹਿਲੇ ਆਏ ਸਲੋਕ ਦੀ ਆਖਰੀ ਤੁਕ ਨਾਲ ਜੋੜ ਕੇ ਪੜ੍ਹੀਏ ਤਾਂ ਉਸ ਦਾ ਗਲਤ ਉਚਾਰਨ ਇੰਜ ਬਣ ਜਾਵੇਗਾ:

*ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥* ਮਹਲਾ ੨

'ਜੋਗ ਸਬਦੰ ਗਿਆਨ...' ਵਾਲਾ ਸਲੋਕ ਸਿਰਲੇਖ ਰਹਿਤ ਹੋ ਦਿਸੇਗਾ। ਸਿਰਲੇਖਾਂ ਦੇ ਉਚਾਰਨੀ ਦੀ ਤਰਤੀਬ ਗਾਏ ਜਾ ਰਹੇ ਸ਼ਬਦ ਦੀ ਆਰੰਭਤ ਤੇ ਹੀ ਫਬਦੀ। ਇਨ੍ਹਾਂ ਸਿਰਲੇਖਾਂ ਨੂੰ ਪਿੱਛੇ ਗਾਏ ਜਾ ਰਹੇ ਸਲੋਕਾਂ ਦੀਆਂ ਆਖਰੀਆਂ ਤੁਕਾਂ ਨਾਲ ਜੋਡ ਕੇ ਗਾਉਣਾ ਇਕ ਬੇਤਰਤੀਬੀ ਹੈ।

(ਅੱਜ ਮਿਤੀ 27 ਅਪ੍ਰੈਲ 2002, ਸਵੇਰੇ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਟੀ ਵੀ ਰਾਹੀਂ ਆਸਾ ਦੀ ਵਾਰ ਦਾ ਕੁਝ ਕੀਰਤਨ ਸੁਨਣ ਦਾ ਸੁਭਾਗ ਮਿਲਿਆ। ਭਾਈ ਸਾਹਿਬ ਜੀ ਕੀਰਤਨ ਵਿਚ ਆਏ ਸਿਰਲੇਖਾਂ ਦਾ ਉਚਾਰਨ ਬੜੀ ਸਰਲਤਾ ਤੇ ਸਪਸ਼ਟਤਾ ਨਾਲ ਕਰ ਰਹੇ ਸਨ। ਸੁਣ ਕੇ ਚਿਤ ਬਹੁਤ ਪ੍ਰਸੰਨ ਹੋਇਆ, ਸ਼ਾਇਦ ਇਹ ਜਥਾ ਭਾਈ ਹਰੀ ਸਿੰਘ ਜੀ ਦਾ ਸੀ। ਭਾਈ ਹਰੀ ਸਿੰਘ ਜੀ ਹਰਿਮੰਦਰ ਸਾਹਿਬ ਦੇ ਸਭ ਤੋਂ ਪੁਰਾਤਨ ਕੀਰਤਨੀਆਂ ਵਿਚੋਂ ਹਨ ਜਿਨ੍ਹਾਂ ਨੂੰ ਜਵਾਨੀ ਦੀ ਅਵਸਥਾ ਵਿਚ ਕੀਰਤਨ ਕਰਦਿਆਂ ਸੁਣਦੇ ਹੁੰਦੇ ਸਾਂ। ਉਹ ਭੀ ਭਰ ਜਵਾਨ ਤੇ ਅਸੀਂ ਸਰੋਤੇ ਭੀ। ਉਹ ਸੂਝਵਾਨ ਕੀਰਤਨੀਏ ਸਨ ਅਸੀਂ ਸਕੂਲਾਂ ਕਾਲਜਾਂ ਵਿਚ ਪੜ੍ਹਨ ਵਾਲੇ ਅਲੜ ਤੇ ਅਲਪ ਮੱਤ ਵਾਲੇ ਸਾਂ)

ਅੱਜ ਇਹ ਸੁਣਕੇ ਜਾਂ ਦੇਖ ਕੇ ਚਿਤ ਵਿਚ ਬੜੀ ਖੁਸ਼ੀ ਪ੍ਰਤੀਤ ਕੀਤੀ ਜੋ ਇਨ੍ਹਾਂ ਕੀਰਤਨੀਆਂ ਨੇ ਆਸਾ ਦੀ ਵਾਰ ਵਿਚ ਆਏ ਸਿਰਲੇਖਾਂ ਦੀ ਤਰਤੀਬ ਦਾ ਉਚਾਰਨ ਦਾ ਵਿਰਸਾ ਸਾਂਭਿਆ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਕੀਰਤਨੀਆਂ ਪ੍ਰਤੀ ਸੁਝਾਅ ਹੈ ਜੋ ਉਹ ਭੀ ਸਿਰਲੇਖਾਂ ਦੇ ਉਚਾਰਨ ਦੀ ਸ਼ੁਧ ਤਰਤੀਬ ਨੂੰ ਅਪਨਾਉਣ। ਹੋਰ ਸਭ

# ਸ੍ਰੀ ਗੁਰੂ ਗ੍ਰੰਥ ਸਾਹਿਬ

ਰਾਜਿੰਦਰ ਸਿੰਘ ਵਿਦਿਆਰਥੀ

8, Gray Lane, Singapore

ਦੁਨੀਆਂ ਦੇ ਸਾਰੇ ਹੀ ਧਰਮ ਆਪਣੀਆਂ ਧਾਰਮਿਕ ਲਿਖਤਾਂ ਦਾ ਬਹੁਤ ਆਦਰ ਕਰਦੇ ਹਨ। ਪਰ ਜੋ ਮਾਣ ਸਤਿਕਾਰ ਸਿੱਖ ਧਰਮ ਦੇ ਧਾਰਨੀ, ਆਪਣੇ ਧਰਮ ਗ੍ਰੰਥ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਹਾਜ਼ਰ ਨਾਜ਼ਰ ਸਦੀਵੀ ਗੁਰੂ ਮੰਨ ਕੇ ਉਸ ਅੱਗੇ ਮੱਥਾ ਟੇਕਦੇ ਹਨ, ਓਹ ਅਤੀ ਵਿਲੱਖਣ ਹੈ। ਉਨ੍ਹਾਂ ਦਾ ਇਹ ਦ੍ਰਿੜ ਨਿਸ਼ਚਾ ਹੈ ਕਿ ਗੁਰਬਾਣੀ ਰਾਹੀਂ ਉਨ੍ਹਾਂ ਦੇ ਹਰ ਸਵਾਲ ਦਾ ਉੱਤਰ ਮਿਲਦਾ ਹੈ ਅਤੇ ਅਗਾਂਹ ਲਈ ਸੁਚੱਜੀ ਅਗਵਾਈ ਵੀ ਪ੍ਰਾਪਤ ਹੋ ਜਾਂਦੀ ਹੈ। ਗੁਰਬਾਣੀ ਦੇ ਸ਼ਬਦ ਨਿਸਚਿਤ ਹੀ ਰੱਬੀ ਫੁਰਮਾਨ ਮੰਨੇ ਜਾਂਦੇ ਹਨ, ਜੋ ਵਾਹਿਗੁਰੂ ਜੀ ਦੇ ਹੁਕਮਾਂ ਅੰਦਰ ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਭਗਤਾਂ ਰਾਹੀਂ ਪ੍ਰਾਪਤ ਹੋਏ ਜੋ ਕੇਵਲ ਇਕੋ ਹੀ ਰੱਬ ਜੀ ਨੂੰ ਇਸ਼ਟ ਮੰਨਦੇ, ਕਿਸੇ ਪ੍ਰਕਾਰ ਦੀ ਵੀ ਬੁੱਤ ਪੂਜਾ ਅਤੇ ਕਰਮ ਕਾਂਡਾਂ ਤੋਂ ਨਿਰਲੇਪ ਰਹਿ ਕੇ ਸਵਾਸ ਗਿਰਾਸ ਨਾਮ ਹੀ ਜਪਦੇ ਹੋਏ ਨਿਤਾ ਪ੍ਰਤੀ ਲੋਕ ਭਲਾਈ ਲਈ ਸੁਚੱਜੀ ਅਗਵਾਈ ਕਰਦੇ ਰਹਿਣਾ ਹੀ ਆਪਣਾ ਜੀਵਨ ਮਨੋਰਥ ਮੰਨਦੇ ਹਨ।

ਗੁਰਬਾਣੀ ਦੀਆਂ ਲਿਖਤਾਂ ਇਕੱਤਰ ਕਰਨ ਦਾ ਕੰਮ ਅਤੀ ਕਠਨ ਸੀ ਜੋ ਗੁਰੂ ਨਾਨਕ ਜੀ ਨੇ ਅਰੰਭ ਕੀਤਾ ਭਗਤਾਂ ਦੀ ਬਾਣੀ ਤਾਂ ਸੋਨੇ ਦੇ ਕਸਵੱਟੀ ਪੱਥਰ ਵਾਂਗ ਪਰਖ ਕਰਕੇ ਸੰਭਾਲੀ। ਉਨ੍ਹਾਂ ਨੇ ਚਾਰ ਉਦਾਸੀਆਂ ਦੀਆਂ ਅਤੀ ਕੜੀਆਂ ਮੁਸਾਫਰੀਆਂ ਝੇਲ ਕੇ ਸੱਚ ਦੇ ਸੁਨੇਹੇ ਭਰੇ ਸ਼ਬਦਾਂ ਰਾਹੀਂ ਮਰਦਾਨੇ ਦੀ ਰਬਾਬ ਦੀਆਂ ਸੁਰੀਲੀਆਂ ਸੁਰਾਂ ਪਰ ਆਪਣੀ ਮਿੱਠੀ ਰਸਨਾ ਦੁਆਰਾ ਸੁਣਾ ਕੇ ਸਭਨਾ ਦੇ ਮਨ ਅਜਿਹੇ ਮੋਹੇ ਕਿ ਉਹ ਮੋਹਿਤ ਹੋ ਕੇ ਉਨ੍ਹਾਂ ਦੇ ਹੀ ਹੋ ਗਏ। ਕਈ ਜਿਨ੍ਹਾਂ ਨੇ ਆਪ ਜੀ ਤੋਂ ਕੁਝ ਸ਼ਬਦ ਲੈ ਕੰਠ ਕਰ ਲਏ, ਉਹ ਮਸਤੀ ਵਿੱਚ ਝੂਮ ਕੇ ਗਾਉਂਦੇ ਰਹਿੰਦੇ। ਆਪਣੀ ਗਾਇਨ ਕੀਤੀ ਬਾਣੀ, ਉਹ ਆਪਣੇ ਪਾਸ ਸੰਭਾਲੀ 'ਪੋਥੀ' ਵਿੱਚ ਨਾਲ ਨਾਲ ਹੀ ਲਿਖਦੇ ਵੀ ਜਾਂਦੇ, ਕਿਉਂ ਜੋ ਉਨ੍ਹਾਂ ਦਾ ਕਹਿਣਾ ਸੀ 'ਹਉ ਆਪਹੁ ਬੋਲਿ ਨ ਜਾਣਦਾ, ਮੈਂ ਕਹਿਆ ਸਭ ਹੁਕਮਾਓ ਜੀਉ' ਰੱਬ ਜੀ ਤੋਂ ਪ੍ਰਾਪਤ ਬਾਣੀ ਦੀ ਸੰਭਾਲ ਆਪਣਾ ਉਤਮ ਫਰਜ ਜਾਣ ਕੇ ਇੰਝ ਕਰਦੇ ਸਨ। ਪ੍ਰਚਾਰ ਫੇਰੀਆਂ ਪਿੱਛੋਂ ਆਪਣੇ ਪਿੰਡ ਕਰਤਾਰਪੁਰ ਆ ਕੇ ਆਪਣੀ ਭੌਂ ਪਰ ਦਿਨੇ ਹੱਲ ਵਾਹੁੰਦੇ ਅਤੇ ਸੁਭਾ-ਸ਼ਾਮ ਆਪਣੇ ਘਰ ਦੇ ਪਾਸ ਹੀ ਬਣਾਈ ਧਰਮਸਾਲ ਵਿਚ ਰੱਬੀ ਪ੍ਰਚਾਰ ਵੀ ਕਰਿਆ ਕਰਦੇ। ਭਾਈ ਲਹਿਣਾ ਜੀ ਇੱਥੇ ਹੀ ਆਪ ਨੂੰ ਜਦ ਆ ਕੇ ਮਿਲੇ ਤਾਂ ਆਪਣਾ ਨਿੱਜੀ ਵਪਾਰ ਛੱਡ ਕੇ ਇੱਥੇ ਹੀ ਟਿਕ ਗਏ। ਗੁਰੂ ਜੀ ਨੇ ਵੀ ਇਨ੍ਹਾਂ ਦੀ ਕੜੀ ਪਰਖ ਕੀਤੀ ਅਤੇ ਆਪਣਾ ਸਰੀਰ ਛੱਡਣ ਤੋਂ ਪਹਿਲਾਂ, ਇਹਨਾਂ ਨੂੰ ਹੀ ਗੁਰੂ ਅੰਗਦ ਜੀ ਦੇ ਸ਼ੁਭ ਨਾਮ ਨਾਲ ਨਿਵਾਜ ਕੇ ਆਪਣੇ ਸਾਰੀ ਲਿਖੀ ਹੋਈ ਬਾਣੀ ਦੀ ਪੋਥੀ ਦੀ ਵੀ ਸੌਂਪਣਾ ਇਨ੍ਹਾਂ ਨੂੰ ਹੀ ਕਰ ਦਿੱਤੀ।

ਗੁਰੂ ਅੰਗਦ ਦੇਵ ਜੀ ਨੇ, ਬਾਬੇ ਦੇ ਹੁਕਮ ਅੰਦਰ ਆਪਣੇ ਪਿੰਡ ਖਡੂਰ ਵਿਖੇ ਆ ਕੇ ਗੁਰਸਿੱਖੀ ਵਧਾਈ ਅਤੇ ਗੁਰਮੁਖੀ ਲਿੱਪੀ ਨੂੰ ਨਵੇਂ ਸਿਰਿਓ ਸ਼ਿੰਗਾਰਿਆ। ਗੁਰੂ ਪ੍ਰਾਪਤ ਦਾਤ, ਉਹ ਆਪ ਵੀ ਗੁਰਬਾਣੀ ਗਾਇਣ ਕਰਦੇ ਅਤੇ ਲਿਖਦੇ ਰਹੇ, ਜੋ ਗੁਰੂ ਨਾਨਕ ਵਾਂਗ ਆਪਣੇ ਪਿਛੋਂ ਗੁਰਆਈ ਦੇ ਸਹੀ ਵਾਰਸ ਗੁਰੂ ਅਮਰਦਾਸ ਜੀ ਦੇ ਸਪੁਰਦ ਕਰ ਗਏ। ਗੁਰੂ ਅਮਰਦਾਸ ਨੇ ਆਪਣਾ ਕੇਂਦਰ ਗੋਇੰਦਵਾਲ ਬਣਾਕੇ ਬੜੀ ਸੇਵਾ ਕੀਤੀ। ਸਿੱਖੀ ਪ੍ਰਸਾਰ ਲਈ ੨੨ ਪ੍ਰਚਾਰਕ ਥਾਂ ਪੁਰ ਥਾਂ ਘਲੇ ਅਤੇ ਬਹੁਤ ਸਾਰੀ ਬਾਣੀ ਆਪ ਵੀ ਉਚਾਰ ਕੇ ਪਹਿਲੀਆਂ ਲਿਖਤਾਂ ਦਾ ਖਜ਼ਾਨਾ ਵਧਾਇਆ। ਮੁਗਲ ਬਾਦਸ਼ਾਹ ਅਕਬਰ ਆਪ ਦੀ ਮਹਿਮਾ ਸੁਣ ਕੇ ਆਪ ਪਾਸ ਆਇਆ ਤਾਂ ਸੰਗਤ ਨਾਲ ਬਹਿ ਕੇ ਲੰਗਰ ਛਕਣ ਉਪਰੰਤ, ਉਸਨੇ ਬੀਬੀ ਭਾਨੀ ਜੀ, (ਜਿਨ੍ਹਾਂ ਦਾ ਵਿਆਹ ਸ੍ਰੀ ਰਾਮਦਾਸ ਜੀ ਨਾਲ ਹੋਇਆ ਸੀ), ਨੂੰ ਉੱਤਰ ਵਲ ਜ਼ਮੀਨ ਦਾ ਟੋਟਾ ਸੁਗਾਤ ਵਜੋਂ ਭੇਟ ਕੀਤਾ। ਉਹੀ ਥਾਂ ਪਹਿਲਾਂ ਗੁਰੂ ਕਾ ਚੱਕ ਅਤੇ ਰਾਮਦਾਸਪੁਰ ਅਤੇ ਪਿੱਛੋਂ ਅੰਮ੍ਰਿਤਸਰ ਵੀ ਅਖਵਾਈ।

ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਉਸ ਗੁਰੂ ਕੇ ਚੱਕ ਵਿਖੇ ਸਿੱਖੀ ਦਾ ਇਕ ਹੋਰ ਨਵਾਂ ਅਸਥਾਨ, ਜਿਸ ਨਾਲ ਸੰਗਤਾਂ ਦੇ ਇਸ਼ਨਾਨ ਕਰਨ ਲਈ ਇਕ ਸਾਫ ਜਲ ਦਾ ਸਰੋਵਰ ਵੀ ਹੋਵੇ ਬਣਾਉਣ ਲਈ ਘੱਲ ਦਿੱਤਾ। ਸੰਗਤਾਂ ਨੇ ਬੜੇ ਚਾਅ ਅਤੇ ਉਮਾਹ ਨਾਲ ਮਿਲਵਰਤਣ ਦਿੱਤੀ। ਪਹਿਲਾਂ ਸਵੇਰੇ ਸ਼ਾਮ ਸਤਿ ਸੰਗਤ ਗੁਰਬਾਣੀ ਦੇ ਸਤਿਸੰਗਾਂ ਲਈ ਧਰਮਸਾਲ

ਉਸਾਰੀ ਗਈ ਜਿੱਥੇ ਰਬਾਬੀਆਂ ਤੋਂ ਉਪਰੰਤ ਆਪ ਵੀ ਕੀਰਤਨ ਅਤੇ ਕਥਾ ਕਰਕੇ ਸੰਗਤਾਂ ਨੂੰ ਗੁਰਸਿੱਖੀ ਪਿਆਰ ਦਾ ਅਨੰਦ ਬਖਸ਼ਦੇ ਅਤੇ ਫਿਰ ਜਿੰਨਾ ਸਮਾਂ ਹੋ ਸਕਦਾ ਸੰਗਤਾਂ ਕਾਰ ਸੇਵਾ ਵੀ ਕਰਦੀਆਂ। ਗੁਰੂ ਅਮਰਦਾਸ ਜੀ ਆਪ ਆ ਕੇ ਰੌਣਕ ਵਧਾਉਂਦੇ ਰਹਿੰਦੇ। ਉਪਰੰਤ ਇੱਥੇ ਹੀ ਆਪ ਨੇ, ਚੌਥੇ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪ ਕੇ ਵੱਡਾ ਮਰਤਬਾ ਬਖਸ਼ਿਆ। ਗੁਰੂ ਰਾਮਦਾਸ ਜੀ ਦੀ ਮਹਿਮਾ ਜੋ ਭੱਟਾਂ ਦੀ ਬਾਣੀ ਤੋਂ ਪੜ੍ਹਦੇ ਹਾਂ ਉਹ ਬਹੁਤ ਉੱਚੀ ਤੇ ਸੁੱਚੀ ਹੈ। ਆਪ ਜੀ ਵੀ ਬੜੀ ਅਨੰਦ ਮਈ ਬਾਣੀ ਗਾਉਂਦੇ ਰਹੇ ਜੋ ਆਪਣੇ ਸਪੁਤਰ ਸ੍ਰੀ ਅਰਜਨ ਜੀ, ਨਾਲ ਨਾਲ ਲਿਖ ਕੇ ਸੰਭਾਲਦੇ ਰਹੇ, ਜਿਨ੍ਹਾਂ ਨੂੰ ਫਿਰ ਥੋੜੇ ਹੀ ਸਮੇਂ ਬਾਅਦ, ਗੁਰਿਆਈ ਦੀ ਸੌਂਪਣਾ ਕਰਕੇ ਆਪ, ਦੇਹਿ ਤਿਆਗ ਗਏ।

